
# ਕਾ. ਮਾਰਕਸ

# ਉਜਰਤੀ ਕਿਰਤ ਅਤੇ ਸਰਮਾਇਆ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

# ਕਾਰਲ ਮਾਰਕਸ

# ਉਜਰਤੀ ਕਿਰਤ ਅਤੇ ਸਰਮਾਇਆ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)

ਉਜਰਤੀ ਕਿਰਤ ਅਤੇ ਸਰਮਾਇਆ—ਕਾਰਲ ਮਾਰਕਸ
Wage Labour and Capital—Karl Marx

ਇਹ ਐਡੀਸ਼ਨ — ਫਰਵਰੀ 2010

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 20 ਰੁਪਏ**

# ਫ਼ਰੈਡਰਿਕ ਏਂਗਲਜ਼ ਵੱਲੋਂ ਭੂਮਿਕਾ

ਹਥਲੀ ਕਿਰਤ ਚਾਰ ਅਪ੍ਰੈਲ, 1849 ਤੋਂ ਸ਼ੁਰੂ ਹੋ ਕੇ (Neue Rheinische Zeitung)* ਵਿੱਚ ਸੰਪਾਦਕੀ ਲੇਖਾਂ ਦੀ ਲੜੀ ਵਜੋਂ ਛੱਪੀ ਸੀ। ਇਹ 1847 ਵਿੱਚ **ਮਾਰਕਸ** ਵੱਲੋਂ ਬਰਸੇਲਜ਼ ਵਿੱਚ ਜਰਮਨ ਮਜ਼ਦੂਰ ਸੁਸਾਇਟੀ** ਵਿੱਚ ਦਿੱਤੇ ਗਏ ਲੈਕਚਰਾਂ ਉੱਪਰ ਆਧਾਰਤ ਹੈ। ਇਹ ਕਿਰਤ, ਜਿਵੇਂ ਕਿ ਇਹ ਛੱਪ ਰਹੀ ਹੈ, ਇੱਕ ਅੰਸ਼ ਹੀ ਰਹੀ; ਨੰ. 269 ਦੇ ਅਖੀਰ ਵਿੱਚ ਲਿਖੇ ਸ਼ਬਦ : "ਚਲਦਾ", ਇਹਨਾਂ ਘਟਨਾਵਾਂ ਦੇ ਸਿੱਟੇ ਵਜੋਂ ਪੂਰੇ ਹਣ ਤੋਂ ਰਹਿ ਗਏ, ਜਿਹੜੀਆਂ ਘਟਣਾਵਾਂ ਐਨ ਉਸ ਵੇਲੇ ਭੀੜ ਪਾਉਂਦੀਆਂ ਵਾਪਰਣ ਲਗ ਪਈਆਂ ਸਨ : ਰੂਸੀਆਂ ਵੱਲੋਂ ਹੰਗਰੀ ਉਪਰ ਹਮਲਾ***, ਡਰੈਸਡਨ, ਇਜ਼ੇਰਲੋਨ, ਐਲਬਰਫੀਲਡ, ਪਫਾਲਤਸ ਤੇ ਬਡਨ**** ਵਿੱਚ ਬਗਾਵਤਾਂ, ਜਿਨ੍ਹਾਂ ਦੇ ਸਿੱਟੇ ਵਜੋਂ (19 ਮਈ, 1849 ਨੂੰ) ਅਖ਼ਬਾਰ ਹੀ ਬੰਦ ਕਰ ਦਿੱਤਾ ਗਿਆ। ਮਾਰਕਸ ਦੀ ਮੌਤ ਤੋਂ ਪਿਛੋਂ ਉਸਦੇ ਕਾਗਜ਼ਾਂ ਵਿੱਚ ਇਸਦਾ ਅਗਲਾ ਹਿੱਸਾ ਨਹੀਂ ਮਿਲਿਆ।

"ਉਜਰਤੀ ਕਿਰਤ ਅਤੇ ਸਰਮਾਇਆ" ਦੀਆਂ ਪੈਮਫਲਟ ਦੀ ਸ਼ਕਲ ਵਿੱਚ ਇੱਕ ਵਖਰੀ ਪ੍ਰਕਾਸ਼ਨ ਵਜੋਂ ਕਈ ਐਡੀਸ਼ਨਾਂ ਛੱਪ ਚੁੱਕੀਆਂ ਹਨ। ਸਭ ਤੋਂ ਪਿਛਲੀ ਐਡੀਸ਼ਨ 1884 ਵਿੱਚ ਹਾਟਿਨਗਨ-ਜ਼ੂਰਿਖ ਵਿੱਚ "ਸਵਿੱਸ ਸਹਿਕਾਰੀ ਪ੍ਰੈੱਸ" ਵੱਲੋਂ ਛਾਪੀ ਗਈ ਸੀ। ਹੁਣ ਤੱਕ ਛਪੀਆਂ ਐਡੀਸ਼ਨਾਂ ਵਿੱਚ ਮੂਲ ਲਿਖਤ ਵਾਲੇ ਹੀ ਲਫਜ਼ ਹੂਬਹੂ ਕਾਇਮ ਰੱਖੇ

---

* ´Neue Rheinische Zeitung[a] (ਨਵਾਂ ਰ੍ਹਾਈਨ ਦੈਨਿਕ) 1 ਜੂਨ, 1848 ਤੋਂ 19 ਮਈ, 1849 ਤੱਕ ਕੋਲੋਨ ਤੋਂ ਛਪਦਾ ਰਿਹਾ। ਕਾਰਲ ਮਾਰਕਸ ਇਸ ਦਾ ਮੁੱਖ ਸੰਪਾਦਕ ਸੀ। ਫ. ਏਂਗਲਜ਼ ਇਸ ਦੇ ਸੰਪਾਦਕੀ ਮੰਡਲ ਵਿੱਚ ਸੀ। **—ਸੰਪਾ.**

** ਜਰਮਨ ਮਜ਼ਦੂਰ ਸੁਸਾਇਟੀ ਅਗਸਤ 1847 ਦੇ ਅਖੀਰ ਵਿੱਚ ਬਰਸੇਲਜ਼ ਵਿੱਚ ਕਾ. ਮਾਕਸ ਤੇ ਫ. ਏਂਗਲਜ਼ ਵੱਲੋਂ ਕਾਇਮ ਕੀਤੀ ਗਈ ਸੀ। ਇਸ ਦਾ ਨਿਸ਼ਾਨਾ ਬੈਲਜੀਅਮ ਵਿੱਚ ਰਹਿੰਦੇ ਜਰਮਨ ਮਜ਼ਦੂਰਾਂ ਨੂੰ ਰਾਜਨੀਤਕ ਵਿਦਿਆ ਦੇਣਾ ਤੇ ਉਹਨਾਂ ਵਿੱਚ ਵਿਗਿਆਨਕ ਕਮਿਊਨਿਜ਼ਮ ਦੇ ਵਿਚਾਰਾਂ ਦਾ ਪ੍ਰਚਾਰ ਕਰਨਾ ਸੀ। **—ਸੰਪਾ.**

***ਇੱਥੇ ਇਸ਼ਾਰਾ ਨਿਕੋਲਾਈ ਪਹਿਲੇ ਦੀਆਂ ਫੌਜਾਂ ਵੱਲੋਂ 1849 ਵਿੱਚ ਹੰਗਰੀ ਵਿੱਚ ਕੀਤੀ ਗਈ ਮੁਦਾਖਲਤ ਵੱਲ ਹੈ, ਜਿਹੜੀ ਬੁਰਜੂਆ ਇਨਕਲਾਬ ਨੂੰ ਦਬਾਉਣ ਤੇ ਆਸਟਰੀਆ ਦੇ ਹਾਬਸਬੁਰਗਾਂ ਦੀ ਸੱਤ੍ਹਾ ਨੂੰ ਬਹਾਲ ਕਰਨ ਲਈ ਕੀਤੀ ਗਈ ਸੀ। **—ਸੰਪਾ.**

**** ਸ਼ਹਿਨਸ਼ਾਹੀ ਸੰਵਿਧਾਨ ਦੀ ਰਾਖੀ ਵਿੱਚ ਮਈ-ਜੁਲਾਈ, 1849 ਵਿੱਚ ਜਰਮਨੀ ਦੇ ਸ਼ਹਿਰਾਂ ਵਿੱਚ ਲੋਕਾਂ ਦੀਆਂ ਬਗਾਵਤਾਂ ਹੋਈਆਂ, ਇਹ ਸੰਵਿਧਾਨ ਫਰਾਂਕਫਰਟ ਦੀ ਕੌਮੀ ਅਸੈਂਬਲੀ ਵੱਲੋਂ ਮਾਰਚ 1849 ਵਿੱਚ ਅਪਣਾਇਆ ਗਿਆ ਸੀ, ਪਰ ਮਗਰਲੀਆਂ ਜਰਮਨ ਹਕੂਮਤਾਂ ਇਸ ਨੂੰ ਰੱਦ ਕਰਦੀਆਂ ਰਹੀਆਂ। **—ਸੰਪਾ.**

ਗਏ ਸਨ। ਪਰ ਮੌਜੂਦਾ ਨਵੀਂ ਐਡੀਸ਼ਨ ਦੀਆਂ ਇੱਕ ਪ੍ਰਚਾਰ-ਪੈਮਫਲਟ ਵਜੋਂ ਘੱਟੋ-ਘੱਟ ਦਸ ਹਜ਼ਾਰ ਕਾਪੀਆਂ ਵੰਡੀਆਂ ਜਾਣਗੀਆਂ, ਇਸ ਲਈ ਇਹ ਸਵਾਲ ਮੇਰੇ ਸਾਹਮਣੇ ਆਏ ਤੋਂ ਬਿਨਾਂ ਨਹੀਂ ਸੀ ਰਹਿ ਸਕਦਾ ਕਿ ਇਹੋ ਜਿਹੀਆਂ ਹਾਲਤਾਂ ਵਿੱਚ ਕੀ ਮਾਰਕਸ ਨੇ ਮੂਲ ਨੂੰ ਬਿਨਾਂ ਤਬਦੀਲ ਕਰਨ ਦੇ ਛਾਪਣ ਦੀ ਆਗਿਆ ਦਿੱਤੀ ਹੁੰਦੀ ?

40ਵਿਆਂ ਵਿੱਚ ਮਾਰਕਸ ਨੇ ਅਜੇ ਆਪਣੀ ਰਾਜਨੀਤਕ ਆਰਥਕਤਾ ਦੀ ਆਲੋਚਨਾ ਮੁਕੰਮਲ ਨਹੀਂ ਸੀ ਕੀਤੀ। ਇਹ ਗੱਲ ਸਿਰਫ਼ 50ਵਿਆਂ ਦੇ ਅਖੀਰ ਵਿੱਚ ਹੀ ਵਾਪਰੀ ਸੀ। ਇਸ ਦੇ ਸਿੱਟੇ ਵਜੋਂ, ਉਸ ਦੀਆਂ ਜਿਹੜੀਆਂ ਕਿਰਤਾਂ "ਰਾਜਨੀਤਕ ਆਰਥਕਤਾ ਦੀ ਆਲੋਚਨਾ" ਨੂੰ ਇੱਕ ਦੇਣ (1859) ਦੇ ਪਹਿਲੇ ਹਿੱਸੇ ਤੋਂ ਪਹਿਲਾਂ ਛਪੀਆਂ ਸਨ, ਉਹ ਕੁੱਝ ਨੁਕਤਿਆਂ ਉੱਤੇ 1859 ਤੋਂ ਪਿਛੋਂ ਛਪੀਆਂ ਕਿਰਤਾਂ ਨਾਲੋਂ ਫ਼ਰਕ ਰੱਖਦੀਆਂ ਹਨ ਤੇ ਇਹਨਾਂ ਵਿੱਚ ਐਸੇ ਸ਼ਬਦ-ਪ੍ਰਗਟਾਅ ਤੇ ਪੂਰੇ ਦੇ ਪੂਰੇ ਵਾਕ ਮਿਲਦੇ ਹਨ ਜਿਹੜੇ, ਮਗਰਲੀਆਂ ਕਿਰਤਾਂ ਦੇ ਦ੍ਰਿਸ਼ਟੀਕੋਣ ਤੋਂ, ਮੰਦਭਾਗੇ ਤੇ ਸਗੋਂ ਗਲਤ ਵੀ ਲੱਗਦੇ ਹਨ। ਹੁਣ, ਇਹ ਗੱਲ ਸਵੈਪ੍ਰਤੱਖ ਹੈ ਕਿ ਆਮ ਪਾਠਕਾਂ ਲਈ ਛਪਣ ਵਾਲੀਆਂ ਸਾਧਾਰਨ ਐਡੀਸ਼ਨਾਂ ਵਿੱਚ ਇਸ ਪਹਿਲਾਂ ਦੇ ਦ੍ਰਿਸ਼ਟੀਕੋਣ ਦੀ ਵੀ, ਲੇਖਕ ਦੇ ਬੌਧਕ ਵਿਕਾਸ ਦੇ ਇੱਕ ਹਿੱਸੇ ਵਜੋਂ, ਆਪਣੀ ਥਾਂ ਹੈ ਤੇ ਲੇਖਕ ਤੇ ਲੋਕਾਂ ਦੋਹਾਂ ਦਾ ਹੀ ਨਿਰਵਿਵਾਦ ਹੱਕ ਹੈ ਕਿ ਇਹ ਪੁਰਾਣੀਆਂ ਕਿਰਤਾਂ ਬਿਨਾਂ ਕਿਸੇ ਤਬਦੀਲੀ ਦੇ ਛਪਣ। ਤੇ ਮੈਂ ਇਹਨਾਂ ਵਿਚੋਂ ਇੱਕ ਲਫਜ਼ ਵੀ ਬਦਲਣ ਦਾ ਕਦੀ ਸੁਪਣਾ ਨਾ ਲਿਆ ਹੁੰਦਾ।

ਪਰ ਜਦੋਂ ਲਗਭਗ ਨਿਰੋਲ ਤੌਰ 'ਤੇ ਮਜ਼ਦੂਰਾਂ ਵਿੱਚ ਪ੍ਰਚਾਰ ਦੇ ਮੰਤਵ ਨਾਲ਼ ਨਵੀਂ ਐਡੀਸ਼ਨ ਛਾਪੀ ਜਾ ਰਹੀ ਹੈ ਤਾਂ ਗੱਲ ਬਿਲਕੁੱਲ ਵੱਖਰੀ ਹੈ। ਇਹੋ ਜਿਹੀ ਸੂਰਤ ਵਿੱਚ ਮਾਰਕਸ ਆਪਣੀ ਪੁਰਾਣੀ 1849 ਵਿਚਲੀ ਪੇਸ਼ਕਾਰੀ ਨੂੰ ਯਕੀਨਨ ਆਪਣੇ ਨਵੇਂ ਦ੍ਰਿਸ਼ਟੀਕੋਣ ਨਾਲ਼ ਇੱਕ ਸੁਰਤਾ ਵਿੱਚ ਲਿਆਉਂਦਾ। ਤੇ ਮੈਂ ਯਕੀਨ ਮਹਿਸੂਸ ਕਰਦਾ ਹਾਂ ਕਿ **ਇਸ ਐਡੀਸ਼ਨ ਲਈ** ਕੁੱਝ ਤਬਦੀਲੀਆਂ ਤੇ ਵਾਧੇ ਕਰਨ ਦਾ ਕੰਮ ਹੱਥ ਵਿੱਚ ਲੈ ਕੇ, ਜਿਹੜੇ ਕਿ ਇਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਸਾਰੇ ਬੁਨਿਆਦੀ ਨੁਕਤਿਆਂ ਵਿੱਚ ਕਰਨ ਦੀ ਲੋੜ ਹੈ, ਮੈਂ ਉਸੇ ਤਰ੍ਹਾਂ ਵਿਹਾਰ ਕਰ ਰਿਹਾ ਹਾਂ, ਜਿਸ ਤਰ੍ਹਾਂ ਮਾਰਕਸ ਨੇ ਕੀਤਾ ਹੁੰਦਾ। ਇਸ ਲਈ ਮੈਂ ਪਾਠਕ ਨੂੰ ਪਹਿਲਾਂ ਹੀ ਦਸ ਦਿੰਦਾ ਹਾਂ : ਇਹ ਪੈਮਫਲਟ ਉਹ ਨਹੀਂ ਜਿਹੜਾ ਮਾਰਕਸ ਨੇ 1849 ਵਿੱਚ ਲਿਖਿਆ ਸੀ। ਸਗੋਂ ਲਗਭਗ ਉਹ ਹੈ ਜਿਵੇਂ ਕਿ ਉਸਨੇ 1891 ਵਿੱਚ ਲਿਖਿਆ ਹੁੰਦਾ। ਨਾਲੇ, ਅਸਲ ਲਿਖਤ ਦੀਆਂ ਏਨੀਆਂ ਜ਼ਿਆਦਾ ਕਾਪੀਆਂ ਵੇਚੀਆਂ ਜਾ ਚੁੱਕੀਆਂ ਹਨ, ਕਿ ਜਦੋਂ ਤੱਕ ਮੈਂ ਮਗਰੋਂ ਕਿਸੇ ਪੂਰਨ ਕਿਰਤ ਸੰਗ੍ਰਹਿ ਵਿੱਚ ਇਸ ਨੂੰ, ਬਿਨਾਂ ਕਿਸੇ ਤਬਦੀਲੀ ਦੇ, ਮੁੜ ਛਾਪਣ ਦੇ ਸਮਰੱਥ ਨਹੀਂ ਹੋ ਜਾਂਦਾ, ਇਹ ਕਾਫੀ ਰਹੇਗੀਆਂ।

ਮੇਰੀਆਂ ਸਾਰੀਆਂ ਤਬਦੀਲੀਆਂ ਇੱਕ ਨੁਕਤੇ ਉੱਤੇ ਆ ਜੁੜਦੀਆਂ ਹਨ। ਮੂਲ ਲਿਖਤ ਅਨੁਸਾਰ, ਮਜ਼ਦੂਰ ਉਜਰਤਾਂ ਦੇ ਬਦਲੇ ਸਰਮਾਏਦਾਰ ਕੋਲ ਆਪਣੀ **ਕਿਰਤ** ਵੇਚਦਾ ਹੈ; ਮੌਜੂਦਾ ਪਾਠ ਅਨੁਸਾਰ ਉਹ ਆਪਣੀ **ਕਿਰਤ ਸ਼ਕਤੀ** ਵੇਚਦਾ ਹੈ। ਤੇ ਇਸ ਤਬਦੀਲੀ ਲਈ ਮੇਰੇ ਵਾਸਤੇ ਵਿਆਖਿਆ ਕਰਨੀ ਜ਼ਰੂਰੀ ਹੈ। ਇਹ ਵਿਆਖਿਆ ਮੇਰੇ ਲਈ ਮਜ਼ਦੂਰਾਂ

ਵਾਸਤੇ ਜ਼ਰੂਰੀ ਹੈ ਤਾਂ ਕਿ ਉਹ ਸਮਝ ਸਕਣ ਕਿ ਇੱਥੇ ਗੱਲ ਸਿਰਫ਼ ਲਫਜ਼ਾਂ ਦੀ ਹੇਰਾਫੇਰੀ ਦੀ ਨਹੀਂ, ਸਗੋਂ ਸਾਰੀ ਰਾਜਨੀਤਕ ਆਰਥਕਤਾ ਵਿਚਲੇ ਸਭ ਤੋਂ ਵੱਧ ਮਹੱਤਵਪੂਰਨ ਨੁਕਤਿਆਂ ਵਿੱਚੋਂ ਇੱਕ ਨੁਕਤੇ ਦੀ ਹੈ। ਇਹ ਵਿਆਖਿਆ ਮੇਰੇ ਲਈ ਬੁਰਜੂਆ ਵਾਸਤੇ ਕਰਨੀ ਜ਼ਰੂਰੀ ਹੈ, ਤਾਂ ਕਿ ਉਹ ਆਪਣੇ ਆਪ ਨੂੰ ਯਕੀਨ ਕਰਾ ਸਕਣ ਕਿ ਸਾਡੇ ਨੱਕ-ਚੜ੍ਹੇ "ਪੜ੍ਹੇ-ਲਿਖੇ ਲੋਕਾਂ" ਨਾਲ਼ੋਂ, ਜਿਨ੍ਹਾਂ ਲਈ ਇਹੋ ਜਿਹੇ ਗੁੰਝਲਦਾਰ ਮਸਲੇ ਉਹਨਾਂ ਦੀ ਸਾਰੀ ਜ਼ਿੰਦਗੀ ਨਾ ਹਲ ਹੋਣ ਵਾਲੇ ਬਣੇ ਰਹਿੰਦੇ ਹਨ, ਅਣਪੜ੍ਹ ਮਜ਼ਦੂਰ ਕਿੰਨੇ ਜ਼ਿਆਦਾ ਉੱਚੇ ਹਨ, ਜਿਨ੍ਹਾਂ ਲਈ ਬੰਦਾ ਸਭ ਤੋਂ ਮੁਸ਼ਕਲ ਆਰਥਕ ਵਿਸ਼ਲੇਸ਼ਣ ਵੀ ਬੜੀ ਸੌਖੀ ਤਰ੍ਹਾਂ ਸਮਝ ਆਉਣ ਯੋਗ ਬਣਾ ਸਕਦਾ ਹੈ।

ਕਲਾਸਕੀ ਰਾਜਨੀਤਕ ਆਰਥਕਤਾ* ਨੇ ਕਾਰਖਾਨੇਦਾਰ ਦੇ ਇਸ ਮੌਜੂਦਾ ਸੰਕਲਪ ਨੂੰ ਸਨਅਤੀ ਦਸਤੂਰ ਤੋਂ ਲੈ ਲਿਆ ਕਿ ਉਹ ਆਪਣੇ ਮਜ਼ਦੂਰਾਂ ਦੀ **ਕਿਰਤ** ਨੂੰ ਖਰੀਦਦਾ ਤੇ ਉਸ ਲਈ ਕਿਮਤ ਅਦਾ ਕਰਦਾ ਹੈ। ਇਹ ਸੰਕਲਪ ਕਾਰੋਬਾਰੀ ਲੋੜਾਂ ਲਈ ਕਾਰਖਾਨੇਦਾਰ ਦੇ ਵਹੀਖਾਤੇ ਤੇ ਕੀਮਤ ਦੇ ਹਿਸਾਬ-ਕਿਤਾਬ ਲਈ ਬਿਲਕੁੱਲ ਢੁਕਦਾ ਸੀ। ਪਰ ਸਿਧੜ ਜਿਹੇ ਢੰਗ ਨਾਲ਼ ਇਸ ਨੂੰ ਰਾਜਨੀਤਕ ਆਰਥਕਤਾ ਵਿੱਚ ਲਿਆਂਦਿਆਂ ਇਸ ਨੇ ਇੱਥੇ ਸੱਚਮੁੱਚ ਦੀਆਂ ਹੈਰਾਨ ਕਰਨ ਵਾਲੀਆਂ ਗ਼ਲਤੀਆਂ ਤੇ ਘਚੋਲੇ ਪੈਦਾ ਕੀਤੇ।

ਅਰਥ-ਵਿਗਿਆਨ ਇਹ ਤੱਥ ਦੇਖਦਾ ਹੈ ਕਿ ਸਾਰੀਆਂ ਜਿਨਸਾਂ ਦੀਆਂ ਕੀਮਤਾਂ, ਜਿਨ੍ਹਾਂ ਵਿੱਚ ਉਸ ਜਿਨਸ ਦੀ ਕੀਮਤ ਵੀ ਸ਼ਾਮਲ ਹੈ, ਜਿਸ ਨੂੰ ਇਹ "ਕਿਰਤ" ਕਹਿੰਦਾ ਹੈ, ਲਗਾਤਾਰ ਬਦਲਦੀਆਂ ਰਹਿੰਦੀਆਂ ਹਨ; ਕਿ ਇਹ ਬੇਹਦ ਵੱਖੋ ਵੱਖਰੀ ਤਰ੍ਹਾਂ ਦੇ ਹਾਲਤ ਦੇ ਸਿੱਟੇ ਵਜੋਂ ਵਧਦੀਆਂ ਘੱਟਦੀਆਂ ਹਨ, ਜਿਨ੍ਹਾਂ ਹਾਲਤਾਂ ਦਾ ਕਿ ਅਕਸਰ ਹੀ ਖੁਦ ਜਿਨਸਾਂ ਦੇ ਉਤਪਾਦਨ ਨਾਲ਼ ਬਿਲਕੁੱਲ ਕੋਈ ਸਬੰਧ ਨਹੀਂ ਹੁੰਦਾ, ਜਿਸ ਲਈ ਆਮ ਕਰਕੇ, ਇੰਞ ਲਗਦਾ ਹੈ ਕਿ ਕੀਮਤਾਂ ਨਿਰੋਲ ਸਬੱਬ ਨਾਲ਼ ਨਿਸਚਿਤ ਹੁੰਦੀਆਂ ਹਨ। ਫਿਰ, ਜਿਉਂ ਹੀ ਰਾਜਨੀਤਕ ਆਰਥਕਤਾ ਇੱਕ ਵਿਗਿਆਨ ਵਜੋਂ ਸਾਹਮਣੇ ਆਈ**, ਇਸ ਦੇ ਪਹਿਲੇ ਕਾਰਜਾਂ ਵਿੱਚੋਂ ਇੱਕ ਕਾਰਜ ਉਸ ਕਾਨੂੰਨ ਨੂੰ ਲੱਭਣਾ ਸੀ ਜਿਹੜਾ ਜਿਨਸਾਂ ਦੀਆਂ ਕੀਮਤਾਂ

---

*"ਕਲਾਸਕੀ ਰਾਜਨੀਤਕ ਆਰਥਕਤਾ ਤੋਂ ਭਾਵ ਮੈਂ ਉਹ ਸਾਰੀ ਰਾਜਨੀਤਕ ਆਰਥਕਤਾ ਲੈਂਦਾ ਹਾਂ ਜਿਹੜੀ, ਵਿ. ਪੈਟੀ ਤੋਂ ਸ਼ੁਰੂ ਕਰਕੇ ਉਤਪਾਦਨ ਦੇ ਬੁਰਜੂਆ ਸਬੰਧਾਂ ਦੀ ਅੰਦਰੂਨੀ ਨਿਰਭਰਤਾ ਦੀ ਖੋਜ ਕਰਦੀ ਹੈ...." (ਸਰਮਾਇਆ, ਸੈਂਚੀ-1, 1854, ਸਫਾ-87)। ਇੰਗਲੈਂਡ ਵਿੱਚ ਐ. ਸਮਿੱਥ ਤੇ ਡੇ. ਰਿਕਾਰਡੋ ਕਲਾਸਕੀ ਰਾਜਨੀਤਕ ਆਰਥਕਤਾ ਦੇ ਦੋ ਵੱਡੇ ਪ੍ਰਤੀਨਿਧ ਸਨ।—**ਸੰਪਾ.**

**ਫ. ਏਂਗਲਜ਼ "ਐਂਟੀ-ਡੂਹਰਿੰਗ" ਵਿੱਚ ਲਿਖਦਾ ਹੈ ਕਿ "ਰਾਜਨੀਤਕ ਆਰਥਕਤਾ ਨੇ, ਵਧੇਰੇ ਸੀਮਤ ਅਰਥਾਂ ਵਿੱਚ, ਭਾਵੇਂ ਸਤਾਰ੍ਹਵੀਂ ਸਦੀ ਦੇ ਅਖੀਰ ਵਿੱਚ ਪ੍ਰਤੀਭਾਸ਼ੀਲ ਲੋਕਾਂ ਦੇ ਦਿਮਾਗਾਂ ਵਿੱਚ ਰੂਪ ਧਾਰਿਆ, ਤਾਂ ਵੀ ਆਪਣੇ ਹਾਂ-ਪੱਖੀ ਸੂਤਰਾਂ ਵਿੱਚ, ਜਿਹੜੇ ਇਸ ਨੂੰ ਫਿਜ਼ੀਓਕਰੈਟਾਂ ਤੇ ਐਡਮ ਸਮਿੱਥ ਨੇ ਦਿੱਤੇ, ਅਸਲ ਵਿੱਚ ਇਹ ਅਠਾਰ੍ਹਵੀਂ ਸਦੀ ਦੀ ਔਲਾਦ ਹੈ। (ਫ. ਏਂਗਲਜ਼, "ਐਂਟੀ-ਡਹੂਰਿੰਗ", ਮਾਸਕੋ, 1966, ਸਫਾ 150) —**ਸੰਪਾ.**

ਨੂੰ ਪ੍ਰਤੱਖ ਤੌਰ ’ਤੇ ਨਿਸ਼ਚਿਤ ਕਰਦੇ, ਇਸ ਸਬੱਬ ਦੇ ਪਿੱਛੇ ਲੁਕਿਆ ਹੋਇਆ ਸੀ, ਤੇ ਜਿਹੜਾ ਅਸਲ ਵਿੱਚ ਇਸ ਸਬੱਬ ਨੂੰ ਨਿਸ਼ਚਿਤ ਕਰਦਾ ਸੀ। ਲਗਾਤਾਰ ਬਦਲਦੀਆਂ ਤੇ ਘੱਟਦੀਆਂ-ਵਧਦੀਆਂ, ਕਦੀ ਉਤਾਂਹ ਚੜ੍ਹ ਜਾਂਦੀਆਂ ਤੇ ਕਦੀ ਹੇਠਾਂ ਡਿੱਗ ਪੈਂਦੀਆਂ, ਜਿਨਸਾਂ ਦੀਆਂ ਕੀਮਤਾਂ ਦੇ ਅੰਦਰ ਅੰਦਰ ਰਾਜਨੀਤਕ ਆਰਥਕਤਾ ਨੇ ਉਸ ਪੱਕੇ ਕੇਂਦਰੀ ਨੁਕਤੇ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਿਸ ਦੇ ਦੁਆਲੇ ਇਹ ਤਬਦੀਲੀਆਂ ਤੇ ਘਾਟੇ-ਵਾਧੇ ਚੱਲਦੇ ਸਨ। ਮਤਲਬ ਕੀ ਕਿ ਇਸ ਨੇ ਕੀਮਤਾਂ ਨੂੰ ਕੰਟਰੋਲ ਕਰਦੇ ਕਾਨੂੰਨ ਵਜੋਂ ਜਿਨਸਾਂ ਦੀ **ਕਦਰ** ਲੱਭਣ ਲਈ ਜਿਨਸਾਂ ਦੀਆਂ **ਕੀਮਤਾਂ** ਤੋਂ ਗੱਲ ਸ਼ੁਰੂ ਕੀਤੀ, ਉਹ ਕਦਰ ਜਿਸ ਨਾਲ਼ ਕੀਮਤ ਵਿਚਲੀਆਂ ਸਾਰੀਆਂ ਤਬਦੀਲੀਆਂ ਦੀ ਵਿਆਖਿਆ ਕੀਤੀ ਜਾ ਸਕੇ ਤੇ ਜਿਸ ਦੇ ਨਾਲ਼ ਅਖੀਰ ਉਹਨਾਂ ਸਾਰੀਆਂ ਦਾ ਸਬੰਧ ਸਥਾਪਤ ਕੀਤਾ ਜਾ ਸਕੇ।

ਕਲਾਸਕੀ ਅਰਥ-ਵਿਗਿਆਨ ਨੇ ਫਿਰ ਦੇਖਿਆ ਕਿ ਕਿਸੇ ਜਿਨਸ ਦੀ ਕਦਰ ਉਸ ਕਿਰਤ ਨਾਲ਼ ਨਿਸ਼ਚਿਤ ਹੁੰਦੀ ਹੈ ਜਿਹੜੀ ਇਸ ਵਿੱਚ ਪਾਈ ਜਾਂਦੀ ਹੈ, ਇਸ ਦੇ ਉਤਪਾਦਨ ਲਈ ਜ਼ਰੂਰੀ ਹੁੰਦੀ ਹੈ। ਇਸ ਵਿਆਖਿਆ ਨਾਲ਼ ਇਸ ਨੇ ਆਪਣੇ ਆਪ ਨੂੰ ਸੰਤੁਸ਼ਟ ਕਰ ਲਿਆ। ਤੇ ਅਸੀਂ ਵੀ ਹਾਲ ਦੀ ਘੜੀ ਇੱਥੇ ਰੁੱਕ ਸਕਦੇ ਹਾਂ। ਤਾਂ ਕਿ ਕੋਈ ਭੁਲੇਖੇ ਨਾ ਰਹਿਣ, ਮੈਂ ਪਾਠਕ ਨੂੰ ਸਿਰਫ਼ ਇਹ ਯਾਦ ਕਰਾਵਾਂਗਾ ਕਿ ਇਹ ਵਿਆਖਿਆ ਅੱਜਕੱਲ ਬਿਲਕੁੱਲ ਨਾਕਾਫੀ ਹੋ ਚੁੱਕੀ ਹੈ। ਕਿਰਤ ਦੀ ਕਦਰ ਉਪਜਾਊ ਸਿਫ਼ਤ ਦੀ ਪੂਰੀ ਤਰ੍ਹਾਂ ਖੋਜ ਕਰਨ ਵਾਲਾ ਮਾਰਕਸ ਪਹਿਲਾ ਆਦਮੀ ਸੀ, ਤੇ ਇਹ ਖੋਜ ਕਰਦਿਆਂ ਉਸ ਨੇ ਲੱਭਿਆ ਕਿ ਜਿਨਸ ਦੇ ਉਤਪਾਦਨ ਲਈ ਪ੍ਰਤੱਖ ਤੌਰ ’ਤੇ ਜਾਂ ਸੱਚਮੁਚ ਵੀ, ਲੁੜੀਂਦੀ ਸਾਰੀ ਕਿਰਤ ਸਾਰੀਆਂ ਹਾਲਤਾਂ ਵਿੱਚ ਕਦਰ ਦੀ ਉਸ ਮਾਤਰਾ ਦੇ ਵਿੱਚ ਵਾਧਾ ਨਹੀਂ ਕਰਦੀ ਜਿਹੜੀ ਕਿ ਖਰਚ ਕੀਤੀ ਗਈ ਕਿਰਤ ਦੀ ਮਾਤਰਾ ਦੇ ਨਾਲ਼ ਮੇਲ ਖਾਂਦੀ ਹੋਵੇ। ਇਸ ਲਈ ਜੇ ਅੱਜ ਅਸੀਂ ਰਿਕਾਰਡੋ ਵਰਗੇ ਅਰਥ-ਵਿਗਿਆਨੀਆਂ ਨਾਲ਼ ਰਲ ਕੇ ਬਿਨਾਂ ਬਹੁਤਾ ਸੋਚੇ ਦੇ ਇਹ ਕਹਿ ਦਿੰਦੇ ਹਾਂ ਕਿ ਜਿਨਸ ਦੀ ਕਦਰ ਉਸ ਕਿਰਤ ਨਾਲ਼ ਮਿਥੀ ਜਾਂਦੀ ਹੈ ਜਿਹੜੀ ਇਸ ਦੇ ਉਤਪਾਦਨ ਲਈ ਜ਼ਰੂਰੀ ਹੁੰਦੀ ਹੈ, ਤਾਂ ਅਸੀਂ ਐਸਾ ਕਰਦਿਆਂ ਹਮੇਸ਼ਾ ਮਾਰਕਸ ਵੱਲੋਂ ਲਾਈਆਂ ਗਈਆਂ ਸ਼ਰਤਾਂ ਨੂੰ ਮਨ ਵਿੱਚ ਰੱਖਦੇ ਹਾਂ। ਇੱਥੇ ਏਨਾ ਹੀ ਕਾਫ਼ੀ ਹੈ; ਵਧੇਰੇ ਮਾਰਕਸ ਦੀ ਕਿਰਤ “ਰਾਜਨੀਤਕ ਆਰਥਕਤਾ ਦੀ ਆਲੋਚਨਾ ਨੂੰ ਇੱਕ ਦੇਣ” (1859) ਵਿੱਚ ਤੇ “ਸਰਮਾਇਆ” ਦੀ ਪਹਿਲੀ ਸੈਂਚੀ ਵਿੱਚ ਦੇਖਿਆ ਜਾ ਸਕਦਾ ਹੈ।

ਪਰ ਜਿਉਂ ਹੀ ਅਰਥ-ਵਿਗਿਆਨੀਆਂ ਨੇ ਕਿਰਤ ਨਾਲ਼ ਕਦਰ ਨੂੰ ਨਿਸ਼ਚਿਤ ਕਰਨਾ “ਕਿਰਤ” ਨਾਂ ਦੀ ਜਿਨਸ ਉਪਰ ਲਾਗੂ ਕੀਤਾ, ਉਹ ਇੱਕ ਤੋਂ ਮਗਰੋ ਦੂਜੀ ਵਿਰੋਧਤਾਈ ਵਿੱਚ ਫਸਣ ਲੱਗੇ। “ਕਿਰਤ” ਦੀ ਕਦਰ ਕਿਵੇਂ ਨਿਸ਼ਚਿਤ ਕੀਤੀ ਜਾਂਦੀ ਹੈ? ਇਸ ਵਿੱਚ ਪਾਈ ਜਾਂਦੀ ਜ਼ਰੂਰੀ ਕਿਰਤ ਨਾਲ਼। ਪਰ ਕਿਸੇ ਮਜ਼ਦੂਰ ਦੀ ਇੱਕ ਦਿਨ, ਹਫ਼ਤੇ, ਮਹੀਨੇ, ਸਾਲ ਦੀ ਕਿਰਤ। ਜੇ ਕਿਰਤ ਹੀ ਸਾਰੀਆਂ ਕਦਰਾਂ ਦਾ ਮਾਪ ਹੈ ਤਾਂ ਸੱਚਮੁਚ ਅਸੀਂ “ਕਿਰਤ ਦੀ ਕਦਰ” ਨੂੰ ਸਿਰਫ਼ ਕਿਰਤ ਵਿੱਚ ਹੀ ਪ੍ਰਗਟ ਕਰ ਸਕਦੇ ਹਾਂ। ਪਰ ਇੱਕ ਘੰਟੇ ਦੀ ਕਿਰਤ ਦੀ ਕਦਰ ਬਾਰੇ ਅਸੀਂ ਬਿਲਕੁੱਲ ਕੁੱਝ ਨਹੀਂ ਜਾਣਦੇ, ਜੇ ਅਸੀਂ ਸਿਰਫ਼ ਏਨਾਂ ਹੀ ਜਾਣਦੇ ਹਾਂ

ਕਿ ਇਹ ਇੱਕ ਘੰਟੇ ਦੀ ਕਿਰਤ ਦੇ ਬਰਾਬਰ ਹੈ। ਇਹ ਗੱਲ ਸਾਨੂੰ ਸਾਡੇ ਨਿਸ਼ਾਨੇ ਦੇ ਜ਼ਰਾ ਵੀ ਨੇੜੇ ਨਹੀਂ ਲਿਆਉਂਦੀ; ਅਸੀਂ ਇੱਕ ਚੱਕਰ ਵਿੱਚ ਘੁੰਮਦੇ ਰਹਿੰਦੇ ਹਾਂ।

ਇਸ ਲਈ ਕਲਾਸਕੀ ਅਰਥ-ਵਿਗਿਆਨ ਨੇ ਇੱਕ ਹੋਰ ਰਾਹ ਅਜ਼ਮਾਇਆ। ਇਸ ਨੇ ਕਿਹਾ: ਕਿਸੇ ਜਿਨਸ ਦੀ ਕਦਰ ਇਸ ਦੇ ਉਤਪਾਦਨ ਦੀ ਲਾਗਤ ਦੇ ਬਰਾਬਰ ਹੁੰਦੀ ਹੈ। ਪਰ ਕਿਰਤ ਦੇ ਉਤਪਾਦਨ ਦੀ ਲਾਗਤ ਕੀ ਹੈ ? ਇਸ ਸਵਾਲ ਦਾ ਜਵਾਬ ਦੇਣ ਲਈ, ਅਰਥ-ਵਿਗਿਆਨੀਆਂ ਨੂੰ ਜ਼ਰਾ ਕੁ ਮੰਤਕ ਨੂੰ ਮਰੋੜਨਾ ਪੈਂਦਾ ਹੈ। ਖ਼ੁਦ ਕਿਰਤ ਦੇ ਉਤਪਾਦਨ ਦੀ ਲਾਗਤ ਦਾ ਪਤਾ ਲਾਉਣ ਦੀ ਥਾਂ, ਜਿਸ ਦਾ ਬਦਕਿਸਮਤੀ ਨਾਲ਼ ਪਤਾ ਨਹੀਂ ਲਾਇਆ ਜਾ ਸਕਦਾ, ਉਹ **ਮਜ਼ਦੂਰ** ਦੇ ਉਤਪਾਦਨ ਦੀ ਲਾਗਤ ਦਾ ਪਤਾ ਲਾਉਣ ਲਗ ਪੈਂਦੇ ਹਨ। ਤੇ ਇਸ ਦਾ ਪਤਾ ਲਾਇਆ ਜਾ ਸਕਦਾ ਹੈ। ਇਹ ਲਾਗਤ ਸਮੇਂ ਤੇ ਹਾਲਾਤ ਦੇ ਮੁਤਾਬਕ ਬਦਲਦੀ ਹੈ, ਪਰ ਸਮਾਜ ਦੀ ਨਿਸ਼ਚਿਤ ਅਵਸਥਾ ਲਈ, ਨਿਸ਼ਚਿਤ ਇਲਾਕੇ ਲਈ ਤੇ ਉਤਪਾਦਨ ਦੀ ਨਿਸ਼ਚਿਤ ਸ਼ਾਖ ਲਈ, ਇਹ ਵੀ ਘੱਟੋ-ਘੱਟ ਕਾਫ਼ੀ ਤੰਗ ਸੀਮਾਂ ਦੇ ਅੰਦਰ ਅੰਦਰ ਨਿਸ਼ਚਿਤ ਹੁੰਦੀ ਹੈ। ਅਸੀਂ ਅੱਜ ਸਰਮਾਇਦਾਰਾ ਉਤਪਾਦਨ ਦੇ ਗ਼ਲਬੇ ਹੇਠ ਰਹਿ ਰਹੇ ਹਾਂ, ਜਿਸ ਵਿੱਚ ਵਸੋਂ ਦੀ ਵੱਡੀ, ਦਿਨੋ ਦਿਨ ਵਧਦੀ ਜਮਾਤ ਸਿਰਫ਼ ਤਾਂ ਹੀ ਜਿਊ ਸਕਦੀ ਹੈ ਜੇ ਇਹ ਉਤਪਾਦਨ ਦੇ ਸਾਧਨਾਂ — ਸੰਦਾਂ, ਮਸ਼ੀਨਾਂ, ਕੱਚੇ ਮਾਲ ਤੇ ਰੋਜ਼ੀ ਦੇ ਸਾਧਨਾਂ — ਦੇ ਮਾਲਕਾਂ ਲਈ ਉਜਰਤਾਂ ਦੇ ਬਦਲੇ ਵਿੱਚ ਕੰਮ ਕਰੇ। ਉਤਪਾਦਨ ਦੇ ਇਸ ਢੰਗ ਦੇ ਆਧਾਰ ਉੱਤੇ, ਮਜ਼ਦੂਰ ਦੇ ਉਤਪਾਦਨ ਦਾ ਲਾਗਤ ਵਿੱਚ ਰੋਜ਼ੀ ਦੇ ਸਾਧਨਾਂ ਦੀ ਉਹ ਮਾਤਰਾਂ — ਜਾਂ ਪੈਸਿਆਂ ਵਿੱਚ ਉਹਨਾਂ ਦੀ ਉਹ ਕੀਮਤ — ਸ਼ਾਮਲ ਹੁੰਦੀ ਹੈ ਜਿਹੜੀ ਉਸ ਨੂੰ ਕੰਮ ਕਰਨ ਦੇ ਸਮਰੱਥ ਬਣਾਉਣ ਲਈ, ਕੰਮ ਕਰਨ ਦੇ ਸਮਰੱਥ ਰੱਖਣ ਲਈ, ਤੇ ਬੁਢਾਪੇ, ਬਿਮਾਰੀ ਜਾਂ ਮੌਤ ਦੇ ਕਾਰਨ ਉਸ ਦੇ ਚਲੇ ਜਾਣ ਤੋਂ ਪਿਛੋਂ ਨਵੇਂ ਮਜ਼ਦੂਰ ਨਾਲ਼ ਉਸ ਦੀ ਥਾਂ ਪੂਰੀ ਕਰਨ ਲਈ — ਭਾਵ ਲੁੜੀਂਦੀ ਗਿਣਤੀ ਵਿੱਚ ਮਜ਼ਦੂਰ ਜਮਾਤ ਨੂੰ ਕਾਇਮ ਰੱਖਣ ਲਈ — ਔਸਤਨ ਜ਼ਰੂਰੀ ਹੁੰਦੀ ਹੈ। ਫਰਜ਼ ਕਰੋ ਕਿ ਰੋਜ਼ੀ ਦੇ ਇਹਨਾਂ ਸਾਧਨਾਂ ਦੀ ਪੈਸਿਆਂ ਵਿਚਲੀ ਕੀਮਤ ਔਸਤਨ ਤਿੰਨ ਮਾਰਕ ਪ੍ਰਤੀ ਦਿਨ ਬਣਦੀ ਹੈ।

ਇਸ ਲਈ ਸਾਡਾ ਮਜ਼ਦੂਰ ਸਰਮਾਏਦਾਰ ਤੋਂ, ਜਿਹੜਾ ਉਸ ਨੂੰ ਕੰਮ ਉੱਤੇ ਲਾਉਂਦਾ ਹੈ, ਤਿੰਨ ਮਾਰਕ ਫੀ ਦਿਨ ਉਜਰਤ ਲੈਂਦਾ ਹੈ। ਇਸ ਦੇ ਬਦਲੇ ਸਰਮਾਏਦਾਰ ਉਸ ਤੋਂ, ਫਰਜ਼ ਕਰੋ, ਬਾਰ੍ਹਾਂ ਘੰਟੇ ਰੋਜ਼ ਕੰਮ ਲੈਂਦਾ ਹੈ, ਜਿਸ ਦਾ ਉਹ ਮੋਟੇ ਤੌਰ ’ਤੇ ਇਸ ਤਰ੍ਹਾਂ ਨਾਲ਼ ਹਿਸਾਬ ਲਾਉਂਦਾ ਹੈ:

ਫਰਜ਼ ਕਰੋ ਕਿ ਸਾਡੇ ਮਜ਼ਦੂਰ, ਇੱਕ ਮਸ਼ੀਨਸਾਜ਼ ਨੇ ਮਸ਼ੀਨ ਦਾ ਇੱਕ ਪੁਰਜ਼ਾ ਬਨਾਉਣਾ ਹੈ, ਜਿਹੜਾ ਉਹ ਇੱਕ ਦਿਨ ਵਿੱਚ ਪੂਰਾ ਕਰਦਾ ਹੈ। ਕੱਚੇ ਮਾਲ — ਲੋਹੇ ਤੇ ਪਿੱਤਲ, ਪਹਿਲਾਂ ਹੀ ਲੁੜੀਂਦੀ ਤਿਆਰ ਹਾਲਤ ਵਿੱਚ — ਉੱਤੇ ਵੀਹ ਮਾਰਕ ਲੱਗਦੇ ਹਨ। ਭਾਫ-ਇੰਜਨ ਵੱਲੋਂ ਕੋਇਲੇ ਦੀ ਖਪਤ, ਇਸ ਇੰਜਨ ਦੀ, ਖਰਾਦ ਦੀ ਤੇ ਦੂਜੇ ਸੰਦਾਂ ਦੀ, ਜਿਨ੍ਹਾਂ ਨੂੰ ਕਿ ਸਾਡਾ ਮਜ਼ਦੂਰ ਵਰਤਦਾ ਹੈ, ਟੁੱਟ-ਭੱਜ ਇੱਕ ਦਿਨ ਲਈ ਤੇ ਉਹਨਾਂ ਦੀ ਵਰਤੋਂ ਦੇ ਉਸ ਦੇ ਹਿੱਸੇ ਨਾਲ਼ ਹਿਸਾਬ ਲਾਇਆਂ, ਇੱਕ ਮਾਰਕ ਦੀ ਕਦਰ ਬਣਦੀ ਹੈ। ਸਾਡੇ

ਫਰਜ਼ ਕੀਤੇ ਅਨੁਸਾਰ ਇੱਕ ਦਿਹਾੜੀ ਦੀ ਉਜਰਤ ਤਿੰਨ ਮਾਰਕ ਹੈ। ਇਸ ਨਾਲ਼ ਸਾਡੇ ਮਸ਼ੀਨ ਦੇ ਪੁਰਜ਼ੇ ਲਈ ਕੁੱਲ ਮਿਲਾ ਕੇ ਚਵ੍ਹੀ ਮਾਰਕ ਬਣ ਜਾਂਦੇ ਹਨ। ਪਰ ਸਰਮਾਏਦਾਰ ਹਿਸਾਬ ਲਾਉਂਦਾ ਹੈ ਕਿ ਉਸ ਨੂੰ ਇਸ ਦੇ ਬਦਲੇ ਵਿੱਚ ਆਪਣੇ ਗਾਹਕ ਤੋਂ ਸਤਾਈ ਮਾਰਕ ਜਾਂ ਉਸ ਦੀ ਲਾਗਤ ਨਾਲੋਂ ਤਿੰਨ ਮਾਰਕ ਜ਼ਿਆਦਾ ਮਿਲ ਜਾਣਗੇ।

ਸਰਮਾਏਦਾਰ ਵੱਲੋਂ ਜੇਬ ਵਿੱਚ ਪਾਏ ਗਏ ਇਹ ਤਿੰਨ ਮਾਰਕ ਕਿੱਥੋਂ ਆਏ ? ਕਲਾਸਕੀ ਅਰਥ-ਵਿਗਿਆਨ ਦੇ ਦਾਅਵੇ ਅਨੁਸਾਰ, ਜਿਨਸਾਂ, ਔਸਤਨ, ਉਹਨਾਂ ਦੀਆਂ ਕਦਰਾਂ ਦੇ ਭਾਅ, ਭਾਵ, ਉਹਨਾਂ ਕੀਮਤਾਂ ਉੱਤੇ ਵੇਚੀਆਂ ਜਾਂਦੀਆਂ ਹਨ ਜਿਹੜੀਆਂ ਉਹਨਾਂ ਵਿੱਚ ਪਾਈ ਜਾਂਦੀ ਲੁੜੀਂਦੀ ਕਿਰਤ ਦੀ ਮਾਤਰਾ ਦੇ ਮੁਤਾਬਕ ਹੁੰਦੀਆਂ ਹਨ। ਸਾਡੇ ਮਸ਼ੀਨ ਦੇ ਪੁਰਜ਼ੇ ਦੀ ਔਸਤ ਕੀਮਤ — ਸਤਾਈ ਮਾਰਕ — ਇਸ ਹਿਸਾਬ ਨਾਲ਼ ਇਸ ਦੀ ਕਦਰ ਦੇ, ਭਾਵ, ਇਸ ਵਿੱਚ ਸਾਕਾਰ ਹੋਈ ਕਿਰਤ ਦੇ ਬਰਾਬਰ ਹੋਵੇਗੀ। ਪਰ ਇਹਨਾਂ ਸਤਾਈ ਮਾਰਕਾਂ ਵਿੱਚੋਂ, ਇੱਕੀ ਮਾਰਕ ਦੀਆਂ ਕਦਰਾਂ ਸਾਡੇ ਮਸ਼ੀਨਸਾਜ਼ ਦੇ ਕੰਮ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਹੀ ਹਾਜ਼ਰ ਸਨ। ਵੀਹ ਮਾਰਕ ਕੱਚੇ ਮਾਲ਼ ਵਿੱਚ ਸ਼ਾਮਲ ਸਨ ਤੇ ਇੱਕ ਮਾਰਕ ਕੰਮ ਦੇ ਦੌਰਾਨ ਖਰਚ ਹੋਏ ਕੋਇਲੇ, ਜਾਂ ਮਸ਼ੀਨਾਂ ਤੇ ਸੰਦਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੂੰ ਇਸ ਅਮਲ ਦੇ ਦੌਰਾਨ ਵਰਤਿਆ ਗਿਆ ਤੇ ਜਿਨ੍ਹਾਂ ਦੀ ਕੰਮ-ਯੋਗਤਾ ਇਸ ਰਕਮ ਦੀ ਕਦਰ ਦੇ ਬਰਾਬਰ ਘੱਟ ਗਈ। ਬਾਕੀ ਛੇ ਮਾਰਕ ਰਹਿ ਜਾਂਦੇ ਹਨ ਜਿਹੜੇ ਕੱਚੇ ਮਾਲ਼ ਦੀ ਕਦਰ ਵਿੱਚ ਜਮ੍ਹਾਂ ਕਰ ਦਿੱਤੇ ਗਏ ਹਨ। ਪਰ ਖੁਦ ਸਾਡੇ ਅਰਥ-ਵਿਗਿਆਨੀਆਂ ਦੇ ਕੀਤੇ ਫਰਜ਼ ਅਨੁਸਾਰ, ਇਹ ਛੇ ਮਾਰਕ ਸਾਡੇ ਮਜ਼ਦੂਰ ਵੱਲੋਂ ਕੱਚੇ ਮਾਲ਼ ਵਿੱਚ ਜਮ੍ਹਾਂ ਕੀਤੀ ਗਈ ਕਿਰਤ ਤੋਂ ਹੀ ਸਿਰਫ਼ ਪੈਦਾ ਹੋ ਸਕਦੇ ਹਨ। ਇਸ ਤਰ੍ਹਾਂ ਨਾਲ਼ ਉਸ ਦੀ ਬਾਰ੍ਹਾਂ ਘੰਟੇ ਦੀ ਕਿਰਤ ਨੇ ਛੇ ਮਾਰਕ ਦੀ ਨਵੀਂ ਕਦਰ ਪੈਦਾ ਕੀਤੀ ਹੈ। ਇਸ ਲਈ, ਉਸ ਦੀ ਬਾਰ੍ਹਾਂ ਘੰਟੇ ਦੀ ਕਿਰਤ ਦੀ ਕਦਰ ਛੇ ਮਾਰਕ ਦੇ ਬਰਾਬਰ ਹੋਵੇਗੀ ਤੇ ਇਸ ਤਰ੍ਹਾਂ ਸਾਨੂੰ ਘੱਟੋ-ਘੱਟ ਇਹ ਪਤਾ ਲੱਗ ਜਾਇਗਾ ਕਿ "ਕਿਰਤ ਦੀ ਕਦਰ" ਕੀ ਹੈ।

"ਰੁੱਕ ਜਾਓ!" ਸਾਡਾ ਮਸ਼ੀਨਸਾਜ਼ ਕੂਕਦਾ ਹੈ। "ਛੇ ਮਾਰਕ ? ਪਰ ਮੈਨੂੰ ਤਾਂ ਸਿਰਫ਼ ਤਿੰਨ ਮਾਰਕ ਮਿਲੇ ਹਨ! ਮੇਰਾ ਸਰਮਾਏਦਾਰ ਸਾਰੀਆਂ ਪਾਕ-ਪਵਿੱਤਰ ਚੀਜ਼ਾਂ ਦੀ ਸਹੁੰ ਖਾ ਕੇ ਕਹਿੰਦਾ ਹੈ ਕਿ ਮੇਰੀ ਬਾਰ੍ਹਾਂ ਘੰਟੇ ਦੀ ਕਿਰਤ ਦੀ ਕਦਰ ਸਿਰਫ਼ ਤਿੰਨ ਮਾਰਕ ਹੈ, ਤੇ ਜੇ ਮੈਂ ਛੇ ਮਾਰਕ ਮੰਗਦਾ ਹਾਂ ਤਾਂ ਉਹ ਮੇਰੇ ਉੱਤੇ ਹੱਸਦਾ ਹੈ। ਇਸ ਦੀ ਤੁਸੀਂ ਕਿਵੇਂ ਵਿਆਖਿਆ ਕਰਦੇ ਹੋ ?

ਜੇ ਪਹਿਲਾਂ ਅਸੀਂ ਕਿਰਤ ਦੀ ਕਦਰ ਦੇ ਸਬੰਧ ਵਿੱਚ ਗਧੀ-ਗੇੜ ਵਿੱਚ ਪੈ ਗਏ ਸਾਂ, ਤਾਂ ਹੁਣ ਅਸੀਂ ਨਾ ਹੱਲ ਹੋਣ ਵਾਲੀ ਵਿਰੋਧਤਾਈ ਵਿੱਚ ਬਾਕਾਇਦਾ ਢੰਗ ਨਾਲ਼ ਫਸ ਗਏ ਹਾਂ। ਅਸੀਂ ਲੱਭਦੇ ਕਿਰਤ ਦੀ ਕਦਰ ਪਏ ਸਾਂ ਤੇ ਸਾਨੂੰ ਲੱਭਾ ਉਸ ਤੋਂ ਵੱਧ ਹੈ ਜਿਸ ਦੀ ਕਿ ਅਸੀਂ ਵਰਤੋਂ ਕਰ ਸਕਦੇ ਹਾਂ। ਮਜ਼ਦੂਰ ਲਈ, ਬਾਰ੍ਹਾਂ ਘੰਟਿਆਂ ਦੀ ਕਿਰਤ ਦੀ ਕਦਰ ਤਿੰਨ ਮਾਰਕ ਹੈ, ਸਰਮਾਏਦਾਰ ਲਈ, ਛੇ ਮਾਰਕ ਹੈ, ਜਿਸ ਵਿੱਚੋਂ ਉਹ ਤਿੰਨ ਮਾਰਕ ਮਜ਼ਦੂਰ ਨੂੰ ਉਜਰਤਾਂ ਵਜੋਂ ਦੇ ਦਿੰਦਾ ਹੈ ਤੇ ਤਿੰਨ ਆਪਣੀ ਜੇਬ ਵਿੱਚ ਪਾ ਲੈਂਦਾ ਹੈ। ਇਸ ਹਿਸਾਬ

ਨਾਲ਼ ਕਿਰਤ ਦੀ ਇੱਕ ਨਹੀਂ ਦੋ ਕਦਰਾਂ ਹੋਣਗੀਆਂ ਤੇ ਉਹ ਵੀ ਬਹੁਤ ਵੱਖ ਵੱਖ!

ਇਹ ਵਿਰੋਧਤਾਈ ਹੋਰ ਵੀ ਬੇਹੂਦਾ ਹੋ ਜਾਂਦੀ ਹੈ ਜਿਉਂ ਹੀ ਅਸੀਂ ਪੈਸਿਆਂ ਵਿੱਚ ਪ੍ਰਗਟ ਹੋਈਆਂ ਕਦਰਾਂ ਨੂੰ ਕਿਰਤ ਦੇ ਸਮੇਂ ਵਿੱਚ ਬਦਲਦੇ ਹਾਂ। ਬਾਰ੍ਹਾਂ ਘੰਟੇ ਦੀ ਕਿਰਤ ਦੇ ਦੌਰਾਨ ਛੇ ਮਾਰਕ ਦੀ ਨਵੀਂ ਕਦਰ ਪੈਦਾ ਕੀਤੀ ਗਈ। ਸੋ, ਛੇ ਘੰਟਿਆਂ ਵਿੱਚ ਤਿੰਨ ਮਾਰਕ ਦੀ ਕਦਰ — ਜਿਹੜੀ ਰਕਮ ਕਿ ਮਜ਼ਦੂਰ ਨੂੰ ਬਾਰ੍ਹਾਂ ਘੰਟੇ ਦੀ ਕਿਰਤ ਦੇ ਬਦਲੇ ਮਿਲਦੀ ਹੈ। ਬਾਰ੍ਹਾਂ ਘੰਟੇ ਦੀ ਕਿਰਤ ਲਈ ਮਜ਼ਦੂਰ ਨੂੰ ਛੇ ਘੰਟੇ ਦੀ ਕਿਰਤ ਦੀ ਉਪਜ ਦੇ ਬਰਾਬਰ ਦੀ ਕਦਰ ਮਿਲਦੀ ਹੈ। ਇਸ ਲਈ, ਜਾਂ ਤਾਂ ਕਿਰਤ ਦੀਆਂ ਦੋ ਕਦਰਾਂ ਹਨ, ਜਿਨ੍ਹਾਂ ਵਿੱਚੋਂ ਇੱਕ ਕਦਰ ਦੂਜੀ ਨਾਲੋਂ ਦੁਗਣੀ ਹੈ, ਜਾਂ ਬਾਰ੍ਹਾਂ, ਛੇ ਦੇ ਬਰਾਬਰ ਹੁੰਦੇ ਹਨ! ਦੋਹਾਂ ਸੂਰਤਾਂ ਵਿੱਚ ਸਾਡੇ ਸਾਮਹਣੇ ਨਿਰੋਲ ਫਜ਼ੂਲ ਗੱਲ ਆਉਂਦੀ ਹੈ।

ਅਸੀਂ ਭਾਵੇਂ ਕਿੰਨੇ ਮਰੋੜੇ ਦੇ ਲਈਏ, ਇਸ ਵਿਰੋਧਤਾਈ ਵਿੱਚੋਂ ਅਸੀਂ ਬਾਹਰ ਨਹੀਂ ਨਿਕਲ ਸਕਦੇ, ਜਦੋਂ ਤੱਕ ਅਸੀਂ ਕਿਰਤ ਦੇ ਖਰੀਦਣ ਤੇ ਵੇਚਣ ਦੀ ਤੇ ਕਿਰਤ ਦੀ ਕਦਰ ਦੀ ਗੱਲ ਕਰੀ ਜਾਂਦੇ ਹਾਂ। ਤੇ ਇਹ ਗੱਲ ਅਰਥ-ਵਿਗਿਆਨੀਆਂ ਨਾਲ ਵੀ ਵਾਪਰੀ। ਕਲਾਸਕੀ ਅਰਥ-ਵਿਗਿਆਨ ਦੀ ਆਖਰੀ ਉਪਜ, ਰਿਕਾਰਡੋ ਧਾਰਾ, ਨੂੰ ਮੁੱਖ ਤੌਰ 'ਤੇ ਇਸ ਵਿਰੋਧਤਾਈ ਦੇ ਨਾ ਹੱਲ ਹੋਣ ਨੇ ਤਬਾਹ ਕੀਤਾ। ਕਲਾਸਕੀ ਅਰਥ-ਵਿਗਿਆਨ ਬੰਦ ਗਲੀ ਵਿੱਚ ਫਸ ਗਿਆ ਸੀ। ਇਸ ਬੰਦ ਗਲੀ ਵਿੱਚੋਂ ਨਿਕਲਣ ਦਾ ਰਾਹ ਲੱਭਣ ਵਾਲਾ ਬੰਦਾਂ ਕਾਰਲ ਮਾਰਕਸ ਸੀ।

ਜਿਸ ਚੀਜ਼ ਨੂੰ ਅਰਥ-ਵਿਗਿਆਨੀਆਂ ਨੇ "ਕਿਰਤ" ਦੇ ਉਤਪਾਦਨ ਦੀ ਲਾਗਤ ਸਮਝਿਆ ਸੀ ਉਹ ਕਿਰਤ ਦੇ ਉਤਪਾਦਨ ਦੀ ਨਹੀਂ ਸਗੋਂ ਖੁਦ ਜਿਊਂਦੇ-ਜਾਗਦੇ ਮਜ਼ਦੂਰ ਦੇ ਉਤਪਾਦਨ ਦੀ ਲਾਗਤ ਸੀ। ਤੇ ਇਹ ਮਜ਼ਦੂਰ ਸਰਮਾਏਦਾਰ ਕੋਲ ਜੋ ਵੇਚਦਾ ਹੈ, ਉਹ ਆਪਣੀ ਕਿਰਤ ਨਹੀਂ। "ਜਿਉਂ ਹੀ ਉਸ ਦੀ ਕਿਰਤ ਅਸਲ ਵਿੱਚ ਸ਼ੁਰੂ ਹੁੰਦੀ ਹੈ," ਮਾਰਕਸ ਲਿਖਦਾ ਹੈ, "ਇਹ ਪਹਿਲਾਂ ਹੀ ਉਸ ਦੀ ਨਹੀਂ ਰਹਿੰਦੀ; ਇਸ ਲਈ ਉਹ ਇਸ ਨੂੰ ਨਹੀਂ ਵੇਚ ਸਕਦਾ*।" ਵੱਧ ਤੋਂ ਵੱਧ, ਉਹ ਆਪਣੀ **ਭਵਿੱਖ ਵਿਚਲੀ** ਕਿਰਤ ਵੇਚ ਸਕਦਾ ਹੈ, ਭਾਵ, ਨਿਸ਼ਚਿਤ ਸਮੇਂ ਵਿੱਚ ਕੰਮ ਦੀ ਖਾਸ ਮਾਤਰਾ ਕਰਨ ਦਾ ਜ਼ਿਮਾ ਲੈ ਸਕਦਾ ਹੈ। ਪਰ ਇੰਝ ਕਰਦਿਆਂ, ਉਹ ਕਿਰਤ ਨਹੀਂ ਵੇਚਦਾ (ਜਿਸ ਦਾ ਕਿ ਪਹਿਲਾਂ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ) ਸਗੋਂ ਆਪਣੀ ਕਿਰਤ ਸ਼ਕਤੀ ਨੂੰ ਨਿਸ਼ਚਿਤ ਅਦਾਇਗੀ ਦੇ ਬਦਲੇ ਨਿਸ਼ਚਿਤ ਸਮੇਂ ਲਈ (ਜੇ ਕੰਮ ਸਮੇਂ ਦੇ ਹਿਸਾਬ ਕੀਤਾ ਜਾਣਾ ਹੈ) ਜਾਂ ਨਿਸ਼ਚਿਤ ਉਪਜ ਲਈ (ਜੇ ਕੰਮ ਠੇਕੇ ਉੱਤੇ ਕੀਤਾ ਜਾਣਾ ਹੈ) ਸਰਮਾਏਦਾਰ ਦੇ ਹਵਾਲੇ ਕਰ ਦਿੰਦਾ ਹੈ: ਉਹ ਆਪਣੀ **ਕਿਰਤ ਸ਼ਕਤੀ** ਨੂੰ ਭਾੜੇ ਉੱਤੇ ਦਿੰਦਾ ਜਾਂ ਵੇਚਦਾ ਹੈ। ਪਰ ਇਹ ਕਿਰਤ ਸ਼ਕਤੀ ਉਸ ਦੇ ਵਜੂਦ ਦੇ ਨਾਲ ਹੀ ਵਧਦੀ ਹੈ ਤੇ ਇਸ ਨਾਲੋਂ ਅਨਿੱਖੜ ਹੁੰਦੀ ਹੈ। ਇਸ ਲਈ, ਇਸ ਦੇ ਉਤਪਾਦਨ ਦੀ ਲਾਗਤ ਉਸ ਦੇ ਆਪਣੇ ਉਤਪਾਦਨ ਦੀ ਲਾਗਤ ਦੇ ਬਰਾਬਰ ਹੁੰਦੀ ਹੈ; ਜਿਸ ਚੀਜ਼ ਨੂੰ

* ਦੇਖੋ, "ਸਰਮਾਇਆ", ਸੈਂਚੀ-1, ਸਫਾ-539 **—ਸੰਪਾ.**

ਅਰਥ-ਵਿਗਿਆਨੀ ਕਿਰਤ ਦੇ ਉਤਪਾਦਨ ਦੀ ਲਾਗਤ ਕਹਿੰਦੇ ਸਨ ਉਹ ਅਸਲ ਵਿੱਚ ਮਜ਼ਦੂਰ ਦੇ ਤੇ ਇਸ ਤਰ੍ਹਾਂ ਨਾਲ਼ ਉਸ ਦੀ ਕਿਰਤ-ਸ਼ਕਤੀ ਦੇ ਉਤਪਾਦਨ ਦੀ ਲਾਗਤ ਹੁੰਦੀ ਹੈ। ਤੇ ਇਸ ਤਰ੍ਹਾਂ ਨਾਲ਼ ਅਸੀਂ ਕਿਰਤ ਸ਼ਕਤੀ ਦੇ ਉਤਪਾਦਨ ਦੀ ਲਾਗਤ ਤੋਂ ਕਿਰਤ ਸ਼ਕਤੀ ਦੀ **ਕਦਰ** ਵੱਲ ਵਾਪਸ ਜਾ ਸਕਦੇ ਹਾਂ ਤੇ ਖਾਸ ਕੁਆਲਟੀ ਦੀ ਕਿਰਤ ਸ਼ਕਤੀ ਦੇ ਉਤਪਾਦਨ ਲਈ ਲੁੜੀਂਦੀ ਸਮਾਜਕ ਤੌਰ 'ਤੇ ਜ਼ਰੂਰੀ ਕਿਰਤ ਦੀ ਮਾਤਰਾ ਨਿਸ਼ਚਿਤ ਕਰ ਸਕਦੇ ਹਾਂ, ਜਿਵੇਂ ਕਿ ਮਾਰਕਸ ਨੇ ਕਿਰਤ ਸ਼ਕਤੀ ਦੇ ਵੇਚਣ ਤੇ ਖਰੀਦਣ ਬਾਰੇ ਕਾਂਡ ਵਿੱਚ ਕੀਤਾ ਹੈ। ("ਸਰਮਾਇਆ", ਸੈਂਚੀ-1, ਕਾਂਡ-4, ਭਾਗ-3)

ਹੁਣ ਜਦੋਂ ਮਜ਼ਦੂਰ ਸਰਮਾਏਦਾਰ ਕੋਲ ਆਪਣੀ ਕਿਰਤ ਸ਼ਕਤੀ ਵੇਚ ਦਿੰਦਾ ਹੈ, ਭਾਵ, ਪਹਿਲਾਂ ਹੀ ਸਹਿਮਤ ਹੋਈ ਗਈ ਉਜਰਤ ਲਈ — ਦਿਹਾੜੀ ਜਾਂ ਕੰਮ ਦੇ ਹਿਸਾਬ ਨਾਲ਼ ਉਜਰਤ ਲਈ — ਇਸ ਨੂੰ ਸਰਮਾਏਦਾਰ ਦੇ ਹਵਾਲੇ ਕਰ ਦਿੰਦਾ ਹੈ ਤਾਂ ਕੀ ਵਾਪਰਦਾ ਹੈ ? ਸਰਮਾਏਦਾਰ ਮਜ਼ਦੂਰ ਨੂੰ ਆਪਣੀ ਵਰਕਸ਼ਾਪ ਜਾਂ ਫੈਕਟਰੀ ਵਿੱਚ ਰੱਖ ਲੈਂਦਾ ਹੈ, ਜਿੱਥੇ ਕੰਮ ਲਈ ਲੁੜੀਂਦੀਆਂ ਸਾਰੀਆਂ ਚੀਜ਼ਾਂ — ਕੱਚਾ ਮਾਲ, ਸਹਾਇਕ ਮਾਲ (ਕੋਇਆ, ਰੰਗ ਆਦਿ) ਸੰਦ, ਮਸ਼ੀਨਾਂ — ਪਹਿਲਾਂ ਹੀ ਹੁੰਦੀਆਂ ਹਨ। ਇੱਥੇ ਮਜ਼ਦੂਰ ਜਾਨਮਾਰੀ ਸ਼ੁਰੂ ਕਰ ਦਿੰਦਾ ਹੈ। ਉਸ ਦੀ ਰੋਜ਼ਾਨਾ ਉਜਰਤ, ਜਿਵੇਂ ਕਿ ਉਪਰ ਕਿਹਾ ਗਿਆ ਹੈ, ਹੋ ਸਕਦਾ ਹੈ ਤਿੰਨ ਮਾਰਕ ਹੀ ਹੋਵੇ — ਤੇ ਇਸ ਸਬੰਧ ਵਿੱਚ ਕੋਈ ਫਰਕ ਨਹੀਂ ਪੈਂਦਾ ਕਿ ਉਹ ਇਹ ਉਜਰਤ ਦਿਹਾੜੀ ਦੇ ਹਿਸਾਬ ਨਾਲ਼ ਕਮਾਉਂਦਾ ਹੈ ਜਾਂ ਠੇਕੇ ਦੇ ਹਿਸਾਬ ਨਾਲ। ਇੱਥੇ ਵੀ ਅਸੀਂ ਇਹ ਫਰਜ਼ ਕਰ ਲੈਂਦੇ ਹਾਂ ਕਿ ਬਾਰ੍ਹਾਂ ਘੰਟਿਆਂ ਵਿੱਚ ਮਜ਼ਦੂਰ ਆਪਣੀ ਕਿਰਤ ਨਾਲ਼, ਵਰਤੇ ਗਏ ਕੱਚੇ ਮਾਲ਼ ਵਿੱਚ, ਛੇ ਮਾਰਕ ਦੀ ਨਵੀਂ ਕਦਰ ਜਮ੍ਹਾਂ ਕਰ ਦਿੰਦਾ ਹੈ, ਜਿਹੜੀ ਨਵੀਂ ਕਦਰ ਕਿ ਸਰਮਾਏਦਾਰ ਕੰਮ ਦੀ ਤਿਆਰਸ਼ੁਦਾ ਚੀਜ਼ ਨੂੰ ਵੇਚ ਕੇ ਪ੍ਰਾਪਤ ਕਰ ਲੈਂਦਾ ਹੈ। ਇਸ ਵਿੱਚੋਂ ਉਹ ਮਜ਼ਦੂਰ ਨੂੰ ਉਸ ਦੇ ਤਿੰਨ ਮਾਰਕ ਦੇ ਦਿੰਦਾ ਹੈ; ਬਾਕੀ ਦੇ ਤਿੰਨ ਮਾਰਕ ਉਹ ਆਪਣੇ ਲਈ ਰੱਖ ਲੈਂਦਾ ਹੈ। ਹੁਣ, ਜੇ ਮਜ਼ਦੂਰ ਬਾਰ੍ਹਾਂ ਘੰਟਿਆਂ ਵਿੱਚ ਛੇ ਮਾਰਕ ਦੀ ਕਦਰ ਸਿਰਜਦਾ ਹੈ, ਤਾਂ ਛੇ ਘੰਟੇ ਵਿੱਚ ਉਹ ਤਿੰਨ ਮਾਰਕ ਦੀ ਕਦਰ ਪੈਦਾ ਕਰਦਾ ਹੈ। ਇਸ ਲਈ, ਉਹ ਸਰਮਾਏਦਾਰ ਲਈ ਜਦੋਂ ਛੇ ਘੰਟੇ ਕੰਮ ਕਰ ਚੁੱਕਾ ਹੁੰਦਾ ਹੈ ਤਾਂ ਉਹ ਉਸ ਨੂੰ ਆਪਣੀਆਂ ਉਜਰਤਾਂ ਵਿੱਚ ਪਾਈ ਜਾਂਦੀ ਤਿੰਨ ਮਾਰਕ ਦੇ ਬਰਾਬਰ ਦੀ ਕਦਰ ਪਹਿਲਾਂ ਹੀ ਵਾਪਸ ਕਰ ਚੁੱਕਾ ਹੁੰਦਾ ਹੈ। ਛੇ ਘੰਟੇ ਦੀ ਕਿਰਤ ਤੋਂ ਮਗਰੋਂ ਉਹ ਦੋਵੇਂ ਹਿਸਾਬ ਨਿਬੇੜ ਚੁੱਕੇ ਹੁੰਦੇ ਹਨ, ਕਿਸੇ ਦੇ ਸਿਰ ਵੀ ਦੂਜੇ ਦਾ ਧੇਲਾ ਨਹੀਂ ਹੁੰਦਾ।

"ਰੁੱਕ ਜਾਓ!" ਹੁਣ ਸਰਮਾਏਦਾਰ ਕੂਕਦਾ ਹੈ। "ਮੈਂ ਮਜ਼ਦੂਰ ਨੂੰ ਸਾਰੇ ਦਿਨ ਲਈ, ਬਾਰ੍ਹਾਂ ਘੰਟਿਆਂ ਲਈ ਭਾੜੇ ਉੱਤੇ ਲਿਆ ਹੈ। ਪਰ ਛੇ ਘੰਟੇ ਸਿਰਫ਼ ਅੱਧੀ ਦਿਹਾੜੀ ਬਣਦੇ ਹਨ। ਸੋ ਕੰਮ ਕਰੀ ਚੱਲੋ ਜਦੋਂ ਤੱਕ ਬਾਕੀ ਛੇ ਘੰਟੇ ਪੂਰੇ ਨਹੀਂ ਹੋ ਜਾਂਦੇ — ਸਿਰਫ਼ ਉਦੋਂ ਹੀ ਸਾਡਾ ਹਿਸਾਬ ਬਰਾਬਰ ਹੋਵੇਗਾ।" ਤੇ ਅਸਲ ਵਿੱਚ ਮਜ਼ਦੂਰ ਨੂੰ "ਆਪਣੀ ਇੱਛਾ ਨਾਲ" ਕੀਤਾ ਗਿਆ ਸਮਝੌਤਾ ਪੂਰਾ ਕਰਨਾ ਪੈਂਦਾ ਹੈ, ਜਿਸ ਅਨੁਸਾਰ ਉਸ ਨੇ ਪੂਰੇ ਬਾਰ੍ਹਾਂ ਘੰਟੇ ਕੰਮ ਕਰਨ ਦਾ ਵਚਨ ਦਿੱਤਾ ਹੁੰਦਾ ਹੈ, ਕਿਰਤ ਦੀ ਉਸ ਉਪਜ ਲਈ ਜਿਸ ਉੱਤੇ

ਕਿਰਤ ਦੇ ਛੇ ਘੰਟੇ ਲੱਗਦੇ ਹਨ।

ਠੇਕੇ ਉੱਤੇ ਕੰਮ ਲਈ ਉਜਰਤਾਂ ਬਾਰੇ ਵੀ ਇਹੀ ਗੱਲ ਠੀਕ ਹੈ। ਫਰਜ਼ ਕਰੋ ਕਿ ਸਾਡਾ ਮਜ਼ਦੂਰ ਬਾਰ੍ਹਾਂ ਘੰਟਿਆਂ ਵਿੱਚ ਜਿਨਸ ਦੇ ਬਾਰ੍ਹਾਂ ਨਗ ਬਣਾਉਂਦਾ ਹੈ। ਇਹਨਾਂ ਵਿੱਚੋਂ ਹਰ ਇੱਕ ਉੱਤੇ ਕੱਚੇ ਮਾਲ ਤੇ ਤੋੜ-ਫੋੜ ਦੇ ਰੂਪ ਵਿੱਚ ਦੋ ਮਾਰਕ ਦੀ ਲਾਗਤ ਆਈ ਹੁੰਦੀ ਹੈ, ਤੇ ਇਹ ਢਾਈ ਮਾਰਕ ਦੀ ਵੇਚੀ ਜਾਂਦੀ ਹੈ। ਫਿਰ ਸਰਮਾਏਦਾਰ, ਪਹਿਲਾਂ ਕੀਤੇ ਗਏ ਫਰਜ਼ ਅਨੁਸਾਰ ਹੀ, ਮਜ਼ਦੂਰ ਨੂੰ ਪੰਜੀ ਪੈਨੀ ਫੀ ਨਗ ਦੇਵੇਗਾ; ਇਹ ਬਾਰ੍ਹਾਂ ਨਗਾਂ ਲਈ ਤਿੰਨ ਮਾਰਕ ਬਣ ਜਾਂਦੇ ਹਨ, ਜਿਨ੍ਹਾਂ ਨੂੰ ਕਮਾਉਣ ਲਈ ਮਜ਼ਦੂਰ ਨੂੰ ਬਾਰ੍ਹਾਂ ਘੰਟੇ ਚਾਹੀਦੇ ਹੁੰਦੇ ਹਨ। ਸਰਮਾਏਦਾਰ ਨੂੰ ਬਾਰ੍ਹਾਂ ਨਗਾਂ ਲਈ ਤੀਹ ਮਾਰਕ ਮਿਲਦੇ ਹਨ; ਇਸ ਵਿੱਚੋਂ ਕੱਚੇ ਮਾਲ ਤੇ ਟੁੱਟ-ਭੱਜ ਲਈ ਚਵ੍ਹੀ ਮਾਰਕ ਕੱਢ ਦਿਓ ਤਾਂ ਛੇ ਮਾਰਕ ਬਚ ਜਾਂਦੇ ਹਨ, ਜਿਸ ਵਿੱਚੋਂ ਉਹ ਤਿੰਨ ਮਾਰਕ ਮਜ਼ਦੂਰ ਨੂੰ ਉਜਰਤਾਂ ਦੇ ਰੂਪ ਵਿੱਚ ਦੇ ਦਿੰਦਾ ਹੈ ਤੇ ਤਿੰਨ ਮਾਰਕ ਆਪਣੀ ਜੇਬ ਵਿੱਚ ਪਾ ਲੈਂਦਾ ਹੈ। ਗੱਲ ਬਿਲਕੁੱਲ ਪਹਿਲਾਂ ਵਾਲੀ ਹੈ। ਇਥੇ ਵੀ ਮਜ਼ਦੂਰ ਛੇ ਘੰਟੇ ਆਪਣੇ ਲਈ, ਭਾਵ, ਆਪਣੀਆਂ ਉਜਰਤਾਂ ਦੀ ਕੀਮਤ ਅਦਾ ਕਰਨ ਲਈ ਕੰਮ ਕਰਦਾ ਹੈ (ਬਾਰ੍ਹਾਂ ਵਿੱਚੋਂ ਹਰ ਘੰਟੇ ਵਿੱਚੋਂ ਅੱਧਾ ਘੰਟਾ), ਤੇ ਛੇ ਘੰਟੇ ਸਰਮਾਏਦਾਰ ਲਈ ਕੰਮ ਕਰਦਾ ਹੈ।

ਜਿਸ ਮੁਸ਼ਕਲ ਕਾਰਨ ਚੰਗੇ ਤੋਂ ਚੰਗੇ ਅਰਥ-ਵਿਗਿਆਨੀਆਂ ਨੂੰ ਨਿਰਾਸ਼ਾ ਦਾ ਮੂੰਹ ਦੇਖਣਾ ਪੈਂਦਾ ਸੀ ਜਦੋਂ ਤੱਕ ਉਹ "ਕਿਰਤ" ਦੀ ਕਦਰ ਤੋਂ ਸ਼ੁਰੂ ਕਰਦੇ ਸਨ, ਉਹ ਇੱਕ ਦਮ ਖਤਮ ਹੋ ਜਾਂਦੀ ਹੈ, ਜਿਉਂ ਹੀ ਅਸੀਂ ਇਸ ਦੀ ਥਾਂ "**ਕਿਰਤ ਸ਼ਕਤੀ**" ਦੀ ਕਦਰ ਤੋਂ ਸ਼ੁਰੂ ਕਰਦੇ ਹਾਂ। ਸਾਡੇ ਅੱਜ ਦੇ ਸਰਮਾਏਦਾਰਾ ਸਮਾਜ ਵਿੱਚ ਕਿਰਤ ਸ਼ਕਤੀ ਇੱਕ ਜਿਨਸ ਹੈ, ਕਿਸੇ ਵੀ ਦੂਜੀ ਜਿਨਸ ਵਰਗੀ ਜਿਨਸ, ਤੇ ਫਿਰ ਵੀ ਇੱਕ ਬਿਲਕੁੱਲ ਵੱਖਰੀ ਤਰ੍ਹਾਂ ਦੀ ਜਿਨਸ। ਭਾਵ, ਇਹ ਕਦਰ ਸਿਰਜਨ ਵਾਲੀ ਸ਼ਕਤੀ ਹੋਣ ਦੀ, ਕਦਰ ਦਾ ਸੋਮਾ ਹੋਣ ਦੀ, ਤੇ ਸੱਚਮੁੱਚ, ਜਿੰਨੀ ਕਦਰ ਖੁਦ ਇਸ ਵਿੱਚ ਹੁੰਦੀ ਹੈ, ਢੁਕਵੇਂ ਉਪਾਅ ਨਾਲ਼, ਉਸ ਨਾਲੋਂ ਵੀ ਵੱਧ ਕਦਰ ਦਾ ਸੋਮਾ ਹੋਣ ਦੀ ਵਿਲੱਖਣ ਸਿਫਤ ਰੱਖਦੀ ਹੈ। ਉਤਪਾਦਨ ਦੀ ਅਜੋਕੀ ਅਵਸਥਾ ਵਿੱਚ, ਮਨੁੱਖਾ ਕਿਰਤ ਸ਼ਕਤੀ ਇੱਕ ਦਿਨ ਵਿੱਚ ਨਾ ਸਿਰਫ਼ ਉਸ ਨਾਲੋਂ, ਵਧੇਰੇ ਕਦਰ ਪੈਦਾ ਕਰਦੀ ਹੈ; ਜਿੰਨੀ ਕਿ ਇਸ ਵਿੱਚ ਆਪਣੇ ਵਿੱਚ ਹੁੰਦੀ ਹੈ, ਤੇ ਜਿੰਨੀ ਇਸ ਦੀ ਲਾਗਤ ਹੁੰਦੀ ਹੈ; ਸਗੋਂ ਹਰ ਨਵੀਂ ਵਿਗਿਆਨਕ ਲੱਭਤ ਨਾਲ, ਹਰ ਨਵੀਂ ਤਕਨੀਕੀ ਕਾਢ ਨਾਲ, ਇਸ ਦੀ ਰੋਜ਼ਾਨਾ ਲਾਗਤ ਨਾਲੋਂ ਰੋਜ਼ਾਨਾ ਉਪਜ ਦਾ ਇਹ ਵਾਧਾ ਜ਼ਿਆਦਾ ਹੋਈ ਜਾਂਦਾ ਹੈ, ਤੇ ਇਸ ਲਈ ਕਿਰਤ ਦੀ ਦਿਹਾੜੀ ਦਾ ਉਹ ਹਿੱਸਾ, ਜਿਸ ਵਿੱਚ ਮਜ਼ਦੂਰ ਆਪਣੀ ਦਿਹਾੜੀ ਦੀ ਉਜਰਤ ਦੇ ਬਰਾਬਰ ਦਾ ਪੈਦਾ ਕਰਨ ਲਈ ਕੰਮ ਕਰਦਾ ਹੈ, ਘੱਟਦਾ ਜਾਂਦਾ ਹੈ; ਇਸ ਦੇ ਸਿੱਟੇ ਵਜੋਂ, ਦੂਜੇ ਪਾਸੇ, ਕਿਰਤ ਦੀ ਦਿਹਾੜੀ ਦਾ ਉਹ ਹਿੱਸਾ, ਜਿਸ ਵਿੱਚ ਉਹ ਬਿਨਾਂ ਕਿਸੇ ਅਦਾਇਗੀ ਦੇ ਸਰਮਾਏਦਾਰ ਨੂੰ ਆਪਣੀ ਕਿਰਤ ਦੀ **ਸੁਗਾਤ ਪੇਸ਼ ਕਰਦਾ ਹੈ**, ਵੱਧਦਾ ਜਾਂਦਾ ਹੈ।

ਤੇ ਇਹ ਹੈ ਸਾਡੇ ਸਾਰੇ ਅਜੋਕੇ ਸਮਾਜ ਦੀ ਆਰਥਕ ਬਣਤਰ: ਸਿਰਫ਼ ਮਜ਼ਦੂਰ ਜਮਾਤ ਹੀ ਹੈ ਜਿਹੜੀ ਕਦਰ ਪੈਦਾ ਕਰਦੀ ਹੈ। ਕਿਉਂਕਿ ਕਦਰ ਸਿਰਫ਼ ਕਿਰਤ ਦਾ ਦੂਜਾ ਨਾਂ

ਹੈ, ਜਿਹੜਾ ਸਾਡੇ ਅਜੋਕੇ ਸਰਮਾਏਦਾਰਾ ਸਮਾਜ ਵਿੱਚ ਕਿਸੇ ਖਾਸ ਜਿਨਸ ਵਿੱਚ ਪਾਈ ਜਾਂਦੀ ਸਮਾਜਕ ਤੌਰ 'ਤੇ ਲੁੜੀਂਦੀ ਕਿਰਤ ਦੀ ਮਾਤਰਾ ਨੂੰ ਦਿੱਤਾ ਜਾਂਦਾ ਹੈ। ਪਰ ਮਜ਼ਦੂਰਾਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਇਹ ਕਦਰਾਂ ਮਜ਼ਦੂਰਾਂ ਦੀ ਮਲਕੀਅਤ ਨਹੀਂ ਹੁੰਦੀਆਂ। ਉਹ ਕੱਚੇ ਮਾਲ, ਮਸ਼ੀਨਾਂ, ਸੰਦਾਂ ਤੇ ਰਾਖਵੇਂ ਫੰਡਾਂ ਦੇ ਮਾਲਕਾਂ ਦੀ ਮਲਕੀਅਤ ਹੁੰਦੀਆਂ ਹਨ, ਜਿਹੜੇ ਇਹਨਾਂ ਮਾਲਕਾਂ ਨੂੰ ਮਜ਼ਦੂਰ ਜਮਾਤ ਦੀ ਕਿਰਤ ਸ਼ਕਤੀ ਖਰੀਦਣ ਦੀ ਆਗਿਆ ਦਿੰਦੇ ਹਨ। ਇਸ ਲਈ, ਮਜ਼ਦੂਰ ਜਮਾਤ ਨੂੰ ਆਪਣੇ ਵੱਲੋਂ ਪੈਦਾ ਕੀਤੀਆਂ ਗਈਆਂ ਉਪਜਾਂ ਦੇ ਸਾਰੇ ਸਮੂਹ ਵਿੱਚੋਂ ਆਪਣੇ ਲਈ ਸਿਰਫ਼ ਇੱਕ ਹਿੱਸਾ ਹੀ ਮਿਲਦਾ ਹੈ। ਤੇ ਜਿਵੇਂ ਕਿ ਅਸੀਂ ਹੁਣੇ ਦੇਖਿਆ ਹੈ, ਦੂਜਾ ਹਿੱਸਾ, ਜਿਹੜਾ ਸਰਮਾਏਦਾਰ ਜਮਾਤ ਆਪਣੇ ਲਈ ਰੱਖ ਲੈਂਦੀ ਹੈ, ਜਾਂ ਵੱਧ ਤੋਂ ਵੱਧ ਜਿਹੜਾ ਇਸ ਨੂੰ ਭੂਮੀਪਤੀਆਂ ਦੀ ਜਮਾਤ ਨਾਲ਼ ਵੰਡਾਉਣਾ ਪੈਂਦਾ ਹੈ, ਹਰ ਨਵੀਂ ਲੱਭਤ ਦੇ ਕਾਢ ਨਾਲ਼ ਵਡੇਰਾ ਹੁੰਦਾ ਜਾਂਦਾ ਹੈ, ਜਦ ਕਿ ਮਜ਼ਦੂਰ ਜਮਾਤ ਦੇ ਵੰਡੇ ਆਉਂਦਾ ਹਿੱਸਾ (ਪ੍ਰਤੀ ਜੀਅ ਹਿਸਾਬ ਲਾਇਆਂ) ਜਾਂ ਤਾਂ ਬਹੁਤ ਹੌਲੀ ਹੌਲੀ ਤੇ ਬਹੁਤ ਥੋਹੜਾ ਥੋਹੜਾ ਵਧਦਾ ਹੈ, ਜਾਂ ਬਿਲਕੁੱਲ ਨਹੀਂ ਵਧਦਾ ਤੇ ਕੁੱਝ ਹਾਲਤਾਂ ਵਿੱਚ ਸਗੋਂ ਘੱਟ ਸਕਦਾ ਹੈ।

ਪਰ ਇਹ ਲੱਭਤਾਂ ਤੇ ਕਾਢਾਂ, ਜਿਹੜੀਆਂ ਦਿਨੋ ਦਿਨ ਵਧਦੀ ਤੇਜ਼ੀ ਨਾਲ਼ ਇੱਕ ਦੂਜੀ ਦੀ ਥਾਂ ਲੈਂਦੀਆਂ ਹਨ, ਮਨੁੱਖਾ ਕਿਰਤ ਦੀ ਇਹ ਉਤਪਾਦਕਤਾ ਜਿਹੜੀ ਦਿਨੋ ਦਿਨ ਇਸ ਹੱਦ ਤੱਕ ਪੁਜਦੀ ਜਾਂਦੀ ਹੈ, ਜਿਸ ਬਾਰੇ ਪਹਿਲਾਂ ਕਦੀ ਸੁਣਿਆ ਵੀ ਨਹੀਂ ਸੀ, ਅਖੀਰ ਉਸ ਟੱਕਰ ਨੂੰ ਜਨਮ ਦਿੰਦੀ ਹੈ ਜਿਸ ਵਿੱਚ ਅਜੋਕੀ ਸਰਮਾਏਦਾਰਾ ਆਰਥਕਤਾ ਦਾ ਤਬਾਹ ਹੋਣਾ ਜ਼ਰੂਰੀ ਹੈ। ਇੱਕ ਪਾਸੇ ਅਮਿਣਵਾਂ ਧਨ ਹੈ ਤੇ ਉਪਜਾਂ ਦੀ ਬਹੁਲਤਾ ਹੈ ਜਿਸ ਦੇ ਨਾਲ਼ ਖਰੀਦਾਰ ਨਹੀਂ ਨਜਿੱਠ ਸਕਦੇ; ਦੂਜੇ ਪਾਸੇ ਸਮਾਜ ਦਾ ਇੱਕ ਵੱਡਾ ਹਿੱਸਾ ਪ੍ਰੋਲੇਤਾਰੀ ਬਣਾਇਆ ਗਿਆ ਹੈ, ਉਜਰਤੀ ਮਜ਼ਦੂਰਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੋਇਆ ਹੈ ਤੇ ਬਿਲਕੁੱਲ ਇਸੇ ਕਾਰਨ ਹੀ ਉਪਜਾਂ ਦੀ ਇਸ ਬਹੁਲਤਾ ਨੂੰ ਆਪਣੇ ਲਈ ਵਰਤੋਂ ਵਿੱਚ ਲਿਆਉਣ ਤੋਂ ਅਸਮਰੱਥ ਬਣਾ ਦਿੱਤਾ ਗਿਆ ਹੋਇਆ ਹੈ। ਇੱਕ ਛੋਟੀ, ਬੇਹਦ ਅਮੀਰ ਜਮਾਤ ਵਿੱਚ ਤੇ ਉਜਰਤੀ ਮਜ਼ਦੂਰਾਂ ਦੀ ਵੱਡੀ, ਜਾਇਦਾਦਹੀਣ ਜਮਾਤ ਵਿੱਚ ਸਮਾਜ ਦੀ ਵੰਡ ਦਾ ਸਿੱਟਾ ਐਸੇ ਸਮਾਜ ਵਿੱਚ ਨਿਕਲਦਾ ਹੈ ਜਿਸ ਦਾ ਖੁਦ ਆਪਣੀ ਬਹੁਲਤਾ ਨਾਲ਼ ਦਮ ਘੁੱਟ ਰਿਹਾ ਹੁੰਦਾ ਹੈ, ਜਦ ਕਿ ਇਸ ਦੇ ਮੈਂਬਰਾਂ ਦੀ ਭਾਰੀ ਬਹੁਗਿਣਤੀ ਦਾ ਅਤਿ ਦੀ ਥੁੜ ਤੋਂ ਮਸਾਂ ਹੀ ਬਚਾਅ ਹੁੰਦਾ ਹੈ, ਜਾਂ ਬਿਲਕੁੱਲ ਬਚਾਅ ਨਹੀਂ ਹੁੰਦਾ। ਇਹ ਵਿਵਸਥਾ ਦਿਨੋ ਦਿਨ ਵਧੇਰੇ ਬੇਹੂਦਾ ਤੇ ਵਧੇਰੇ ਅਣਲੁੜੀਂਦੀ ਹੁੰਦੀ ਜਾਂਦੀ ਹੈ। ਇਸ ਨੂੰ ਖਤਮ ਕੀਤਾ ਜਾਣਾ **ਚਾਹੀਦਾ ਹੈ**, ਇਹ ਖਤਮ **ਹੋ ਸਕਦੀ ਹੈ।** ਇੱਕ ਨਵਾਂ ਸਮਾਜਕ ਪ੍ਰਬੰਧ ਸੰਭਵ ਹੈ ਜਿਸ ਵਿੱਚ ਮੌਜੂਦਾ ਜਮਾਤੀ ਵਖੇਵੇਂ ਖਤਮ ਹੋ ਜਾਣਗੇ ਤੇ ਇਸ ਵਿੱਚ — ਸ਼ਾਇਦ ਜ਼ਰਾ ਕੁ ਅਬੂਰੀ ਦੌਰ ਤੋਂ ਪਿੱਛੋਂ ਜਿਸ ਵਿੱਚ ਕੁੱਝ ਤੰਗੀ ਹੋਵੇਗੀ, ਪਰ ਜਿਹੜਾ ਹਰ ਹਾਲਤ ਵਿੱਚ ਇਖਲਾਕੀ ਤੌਰ 'ਤੇ ਭਾਰੀ ਕੀਮਤ ਰੱਖਦਾ ਹੋਵੇਗਾ — ਸਮਾਜ ਦੇ ਸਾਰੇ ਮੈਂਬਰਾਂ ਦੀਆਂ ਪਹਿਲਾਂ ਹੀ ਮੌਜੂਦ ਅਥਾਹ ਉਤਪਾਦਕ ਸ਼ਕਤੀਆਂ ਦੀ ਵਿਉਂਤਬੰਦ ਵਰਤੋਂ ਤੇ ਪਸਾਰ ਰਾਹੀਂ, ਤੇ ਕੰਮ ਕਰਨ ਦੇ

ਬਰਾਬਰ ਦੇ ਫਰਜ਼ ਨਾਲ਼, ਜੀਊਣ ਲਈ, ਜੀਵਨ ਮਾਨਣ ਲਈ, ਸਾਰੀਆਂ ਸਰੀਰਕ ਤੇ ਦਿਮਾਗੀ ਸ਼ਕਤੀਆਂ ਦੇ ਵਿਕਾਸ ਤੇ ਵਰਤੋਂ ਲਈ ਸਾਧਨ ਬਰਾਬਰ ਮਾਤਰਾ ਵਿੱਚ ਤੇ ਦਿਨੋ ਦਿਨ ਵਧਦੀ ਭਰਪੂਰਤਾ ਵਿੱਚ ਮਿਲ ਸਕਣਗੇ। ਤੇ ਇਸ ਗੱਲ ਦਾ, ਕਿ ਮਜ਼ਦੂਰ ਇਸ ਨਵੇਂ ਸਮਾਜਕ ਪ੍ਰਬੰਧ ਨੂੰ ਜਿੱਤਣ ਲਈ ਦਿਨੋ ਦਿਨ ਵਧੇਰੇ ਦ੍ਰਿੜ੍ਹ ਹੁੰਦੇ ਜਾ ਰਹੇ ਹਨ, ਸਾਗਰ ਦੇ ਦੋਵੇਂ ਪਾਸੇ ਹੀ ਭਲਕੇ, ਪਹਿਲੀ ਮਈ ਨੂੰ ਤੇ ਐਤਵਾਰ, 3 ਮਈ* ਨੂੰ ਮੁਜ਼ਾਹਰਾ ਕੀਤਾ ਜਾਇਗਾ।

**ਫ਼ਰੈਡਰਿਕ ਏਂਗਲਜ਼**

ਲੰਡਨ, 30 ਅਪ੍ਰੈਲ, 1891.

---

* ਇੱਥੇ ਏਂਗਲਜ਼ 1891 ਵਿੱਚ ਮਈ ਦਿਨ ਮਨਾਉਣ ਵੱਲ ਇਸ਼ਾਰਾ ਕਰ ਰਿਹਾ ਹੈ। ਕੁੱਝ ਦੇਸ਼ਾਂ (ਇੰਗਲੈਂਡ, ਜਰਮਨੀ) ਵਿੱਚ ਇਹ ਮਈ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਸੀ, 1891 ਵਿੱਚ ਪਹਿਲਾਂ ਐਤਵਾਰ 3 ਮਈ ਨੂੰ ਪੈਂਦਾ ਸੀ। **—ਸੰਪਾ.**

# ਉਜਰਤੀ ਕਿਰਤ ਤੇ ਸਰਮਾਇਆ

ਵੱਖੋ ਵੱਖਰੇ ਹਲਕਿਆਂ ਵੱਲੋਂ ਸਾਨੂੰ ਚੰਗਾ-ਮੰਦਾ ਬੋਲਿਆ ਗਿਆ ਹੈ ਕਿ ਅਸੀਂ ਉਹ **ਆਰਥਕ ਸਬੰਧ** ਨਹੀਂ ਪੇਸ਼ ਕੀਤੇ ਜਿਹੜੇ ਮੌਜੂਦਾ ਜਮਾਤੀ ਘੋਲਾਂ ਤੇ ਕੌਮੀ ਜਦੋ-ਜਹਿਦਾਂ ਦੀ ਪਦਾਰਥਕ ਬੁਨਿਆਦ ਹਨ। ਅਸੀਂ ਜਾਣ-ਬੁੱਝ ਕੇ ਇਹਨਾਂ ਸਬੰਧਾਂ ਨੂੰ ਸਿਰਫ਼ ਉੱਥੇ ਹੀ ਛੋਹਿਆ ਹੈ ਜਿੱਥੇ ਉਹ ਰਾਜਸੀ ਟੱਕਰਾਂ ਵਿੱਚ ਸਿੱਧੀ ਤਰ੍ਹਾਂ ਜ਼ਬਰਦਸਤੀ ਸਾਮਹਣੇ ਆ ਗਏ ਹਨ।

ਪਹਿਲੀ ਥਾਂ 'ਤੇ, ਨੁਕਤਾ ਇਹ ਸੀ ਕਿ ਮੌਜੂਦਾ ਇਤਿਹਾਸ ਵਿੱਚ ਜਮਾਤੀ ਘੋਲ਼ ਨੂੰ ਉਲ਼ੀਕਿਆ ਜਾਏ ਤੇ ਪਹਿਲਾਂ ਹੀ ਸਾਡੇ ਕੋਲ ਮੌਜੂਦ ਤੇ ਹਰ ਰੋਜ਼ ਪੈਦਾ ਕੀਤੇ ਜਾ ਰਹੇ ਨਵੇਂ ਇਤਿਹਾਸਕ ਮਸਾਲੇ ਨੂੰ ਵਰਤਦਿਆਂ ਅਮਲ-ਸਿੱਧ ਢੰਗ ਨਾਲ਼ ਇਹ ਸਾਬਤ ਕੀਤਾ ਜਾਏ ਕਿ ਮਜ਼ਦੂਰ ਜਮਾਤ ਦੀ ਅਧੀਨਗੀ ਦੇ ਨਾਲ਼, ਜਿਹੜੀ ਫਰਵਰੀ ਤੇ ਮਾਰਚ* ਵਿੱਚ ਹੋਈ, ਇਸ ਦੇ ਵਿਰੋਧੀਆਂ ਦੀ ਵੀ ਨਾਲ਼ ਹੀ ਹਾਰ ਹੋ ਗਈ — ਫ਼ਰਾਂਸ ਵਿੱਚ ਬੁਰਜੂਆ ਰੀਪਬਲੀਕਨਾਂ ਦੀ ਤੇ ਬੁਰਜੂਆ ਤੇ ਕਿਸਾਨ ਜਮਾਤਾਂ ਦੀ ਜਿਹੜੀਆਂ ਸਾਰੇ ਯੂਰਪੀ ਮਹਾਂਦੀਪ ਉਪਰ ਸਾਮੰਤਸ਼ਾਹੀ ਨਿਰੰਕੁਸ਼ ਰਾਜ ਦੇ ਖਿਲਾਫ਼ ਲੜ ਰਹੀਆਂ ਸਨ; ਕਿ ਫ਼ਰਾਂਸ ਵਿੱਚ "ਈਮਾਨਦਾਰ ਰੀਪਬਲਿਕ" ਦੀ ਜਿੱਤ ਨਾਲ਼ ਹੀ ਉਹਨਾਂ ਕੌਮਾਂ ਦਾ ਪਤਨ ਵੀ ਸੀ ਜਿਨ੍ਹਾਂ ਨੇ ਸਵੈਧੀਨਤਾ ਦੀਆਂ ਬਹਾਦਰ ਜੰਗਾਂ ਨਾਲ਼ ਫਰਵਰੀ ਇਨਕਲਾਬ ਦਾ ਹੁੰਗਾਰਾ ਭਰਿਆ ਸੀ; ਆਖਰੀ ਗੱਲ, ਕਿਇਨਕਲਾਬੀ ਮਜ਼ਦੂਰਾਂ ਦੀ ਹਾਰ ਨਾਲ਼ ਯੂਰਪ ਪੁਰਾਣੀ ਦੂਹਰੀ ਗੁਲਾਮੀ — **ਐਂਗਲੋ-ਰੂਸੀ** ਗੁਲਾਮੀ — ਵਿੱਚ ਜਾ ਡਿਗਾ ਸੀ। ਪੈਰਿਸ ਵਿੱਚ ਜੂਨ ਜਦੋ-ਜਹਿਦ, ਵੀਆਨਾ ਦੀ ਹਾਰ, ਬਰਲਿਨ ਦੇ ਨਵੰਬਰ 1848 ਦਾ ਦੁਖ-ਸੁਖਾਂਤ, ਪੋਲੈਂਡ, ਇਟਲੀ ਤੇ ਹੰਗਰੀ ਦੀਆਂ ਸਿਰਤੋੜ ਕੋਸ਼ਿਸ਼ਾਂ, ਆਇਰਲੈਂਡ ਨੂੰ ਭੁੱਖੇ ਰੱਖ ਕੇ ਹਾਰ ਮੰਨਵਾਉਣਾ — ਇਹ ਮੁੱਖ ਅੰਸ ਸਨ ਜਿਹੜੇ ਮਜ਼ਦੂਰ ਜਮਾਤ ਤੇ ਬੁਰਜੂਆਜ਼ੀ ਵਿੱਚਕਾਰ ਯੂਰਪੀ ਜਮਾਤੀ ਘੋਲ਼ ਦਾ ਖਾਸਾ ਸਨ ਤੇ ਜਿਨ੍ਹਾਂ ਰਾਹੀਂ ਅਸੀਂ ਸਿੱਧ ਕੀਤਾ ਸੀ ਕਿ ਹਰ ਇਨਕਲਾਬੀ ਉਭਾਰ, ਭਾਵੇਂ ਇਸ ਦਾ ਨਿਸ਼ਾਨਾ ਜਮਾਤੀ ਘੋਲ਼ ਨਾਲ਼ੋਂ ਕਿੰਨਾਂ ਵੀ ਦਰ ਕਿਉਂ ਨਾ ਲੱਗਦਾ ਹੋਵੇ, ਜ਼ਰੂਰ ਅਸਫਲ ਹੋ ਜਾਵੇਗਾ ਜਦੋਂ ਤੱਕ ਇਨਕਲਾਬੀ ਮਜ਼ਦੂਰ ਜਮਾਤ ਜੇਤੂ ਨਹੀਂ ਹੋ ਜਾਂਦੀ, ਕਿ ਹਰ ਸਮਾਜਕ ਸੁਧਾਰ ਇੱਕ ਯੂਟੋਪੀਆ ਬਣਿਆ ਰਹਿੰਦਾ ਹੈ, ਜਦੋਂ ਤੱਕ ਪ੍ਰੋਲੇਤਾਰੀ ਇਨਕਲਾਬ ਤੇ ਸਾਮੰਤਵਾਦੀ ਉਲਟ-ਇਨਕਲਾਬ **ਸੰਸਾਰ ਜੰਗ** ਵਿੱਚ ਇੱਕ ਦੂਜੇ ਨੂੰ ਨਹੀਂ ਵੰਗਾਰਦੇ। ਸਾਡੀ ਪੇਸ਼ਕਾਰੀ

---

* ਇੱਥੇ ਹਵਾਲਾ 23-24 ਫਰਵਰੀ, 1848 ਨੂੰ ਪੈਰਿਸ ਵਿੱਚ, 13 ਮਾਰਚ ਨੂੰ ਵੀਆਨਾ ਵਿੱਚ ਤੇ 18 ਮਾਰਚ ਨੂੰ ਬਰਲਿਨ ਵਿੱਚ ਹੋਏ ਇਨਕਲਾਬ ਵੱਲ ਹੈ। **—ਸੰਪਾ.**

ਵਿੱਚ, ਜਿਵੇਂ ਕਿ ਹਕੀਕਤ ਵਿੱਚ ਸੀ, **ਬੈਲਜੀਅਮ ਤੇ ਸਵਿਟਜ਼ਰਲੈਂਡ** ਦੁਖਾਂਤਕ–ਹਸਾਉਣੇ ਦ੍ਰਿਸ਼ ਸਨ ਜਿਹੜੇ ਮਹਾਨ ਇਤਿਹਾਸਕ ਝਾਕੀਆਂ ਵਿੱਚ ਭੰਡ–ਚਿੱਤਰ ਨਾਲ਼ ਮਿਲਦੇ ਸਨ ਜਿਨ੍ਹਾਂ ਵਿੱਚੋਂ ਇੱਕ ਬੁਰਜੂਆ ਤਾਜਸ਼ਾਹੀ ਦਾ ਮਾਡਲ ਰਾਜ ਹੈ, ਦੂਜਾ ਬੁਰਜੂਆ ਰੀਪਬਲਿਕ ਦਾ ਮਾਡਲ ਰਾਜ ਹੈ, ਤੇ ਦੋਵੇਂ ਹੀ ਐਸੇ ਰਾਜ ਹਨ ਜਿਹੜੇ ਆਪਣੇ ਬਾਰੇ ਕਲਪਣਾ ਕਰਦੇ ਹਨ ਕਿ ਉਹ ਜਮਾਤੀ ਘੋਲ਼ ਤੋਂ ਓਨੇ ਹੀ ਆਜ਼ਾਦ ਹਨ ਜਿੰਨੇ ਕਿ ਯੂਰਪੀ ਇਨਕਲਾਬ ਤੋਂ।

ਹੁਣ, ਜਦ ਕਿ ਸਾਡੇ ਪਾਠਕਾਂ ਨੇ ਜਮਾਤੀ ਘੋਲ਼ ਨੂੰ 1848 ਵਿੱਚ ਅਥਾਹ ਰਾਜਸੀ ਰੂਪ ਧਾਰਨ ਕਰਦਾ ਦੇਖ ਲਿਆ ਹੈ, ਤਾਂ ਸਮਾਂ ਆ ਗਿਆ ਹੈ ਕਿ ਖੁਦ ਆਰਥਕ ਸਬੰਧਾਂ ਨੂੰ ਵਧੇਰੇ ਡੂੰਘੀ ਤਰ੍ਹਾਂ ਲਿਆ ਜਾਏ, ਜਿਨ੍ਹਾਂ ਉਪਰ ਬੁਰਜੂਆਜ਼ੀ ਦੀ ਹੋਂਦ ਤੇ ਇਸ ਦੀ ਜਮਾਤੀ ਹਕੂਮਤ, ਤੇ ਮਜ਼ਦੂਰਾਂ ਦੀ ਗੁਲਾਮੀ ਵੀ ਆਧਾਰਤ ਹਨ।

ਅਸੀਂ ਤਿੰਨ ਵੱਡੇ ਵੱਡੇ ਹਿੱਸਿਆਂ ਵਿੱਚ ਪੇਸ਼ ਕਰਾਂਗੇ: (1) **ਉਜਰਤੀ ਕਿਰਤ ਦਾ ਸਰਮਾਏ ਨਾਲ਼** ਸਬੰਧ, ਮਜ਼ਦੂਰ ਦੀ ਗੁਲਾਮੀ, ਸਰਮਾਏਦਾਰ ਦਾ ਗਲਬਾ; (2) **ਮੌਜੂਦਾ ਨਿਜ਼ਾਮ ਹੇਠ ਵਿਚਲੀਆਂ ਬੁਰਜੂਆ ਜਮਾਤਾਂ ਦੀ ਤੇ ਅਖੌਤੀ ਸ਼ਹਿਰੀ ਦਰਮਿਆਨੇ ਵਰਗ ਦੀ ਅਟੱਲ ਤਬਾਹੀ**; (3) ਸੰਸਾਰ ਮੰਡੀ ਦੇ ਤਾਨਾਸ਼ਾਹ — **ਇੰਗਲੈਂਡ — ਵੱਲੋਂ ਵੱਖੋ ਵੱਖਰੀਆਂ ਯੂਰਪੀ ਕੌਮਾਂ ਦੀਆਂ ਬੁਰਜੂਆ ਜਮਾਤਾਂ ਨੂੰ ਵਪਾਰਕ ਤੌਰ 'ਤੇ ਅਧੀਨ ਕਰਨਾ ਤੇ ਉਹਨਾਂ ਦੀ ਲੁੱਟ-ਖਸੁੱਟ ਕਰਨਾ।**

ਅਸੀਂ ਆਪਣੀ ਪੇਸ਼ਕਾਰੀ ਨੂੰ ਜਿੱਥੋਂ ਤੱਕ ਸੰਭਵ ਹੋ ਸਕਿਆ ਸਾਦੀ ਤੇ ਜਨ–ਸਾਧਾਰਨ ਦੀ ਪੱਧਰ ਦੀ ਬਨਾਉਣ ਦੀ ਕੋਸ਼ਿਸ਼ ਕਰਾਂਗੇ, ਤੇ ਰਾਜਨੀਤਕ ਆਰਥਕਤਾ ਦੇ ਬਿਲਕੁੱਲ ਮੁਢਲੇ ਸੰਕਲਪਾਂ ਨੂੰ ਵੀ ਪਹਿਲਾਂ ਮਿੱਥ ਕੇ ਨਹੀਂ ਤੁਰਾਂਗੇ। ਅਸੀਂ ਚਾਹੁੰਦੇ ਹਾਂ ਕਿ ਮਜ਼ਦੂਰ ਸਾਨੂੰ ਸਮਝਣ। ਨਾਲੇ, ਜਰਮਨੀ ਵਿੱਚ, ਮੌਜੂਦਾ ਵਿਵਸਥਾ ਦੇ ਅਧਿਕਾਰਿਤ ਵਕੀਲਾਂ ਤੋਂ ਲੈ ਕੇ **ਸੋਸ਼ਲਿਸਟ ਕਰਾਮਾਤੀਆਂ ਤੇ ਅਣਪਛਾਤੀਆਂ ਰਾਜਸੀ ਪ੍ਰਤਿਭਾਵਾਂ** ਤੱਕ, ਜਿਨ੍ਹਾਂ ਵਿੱਚ ਟੋਟੇ ਟੋਟੇ ਹੋਇਆ ਜਰਮਨੀ ਖੁਦ ਮੁਖਤਾਰ ਰਾਜਵਾੜੀਆਂ ਨਾਲੋਂ ਵੀ ਜ਼ਿਆਦਾ ਭਰਪੂਰ ਹੈ, ਸਾਦੇ ਤੋਂ ਸਾਦੇ ਆਰਥਕ ਸਬੰਧਾਂ ਬਾਰੇ ਵੀ ਅਤਿ ਦੀ ਉਘੜਵੀਂ ਜਹਾਲਤ ਤੇ ਵਿਚਾਰਾਂ ਦਾ ਘਚੋਲਾ ਪ੍ਰਧਾਨ ਹੈ।

ਇਸ ਲਈ, ਹੁਣ ਪਹਿਲੇ ਸਵਾਲ ਵੱਲ ਆਈਏ:

## ਉਜਰਤਾਂ ਕੀ ਹਨ ?
## ਉਹ ਕਿਵੇਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ ?

ਜੇ ਮਜ਼ਦੂਰਾਂ ਨੂੰ ਪੁਛਿਆ ਜਾਏ: "ਤੇਰੀ ਉਜਰਤ ਕਿੰਨੀ ਹੈ ?;" ਤਾਂ ਇੱਕ ਜਵਾਬ ਦੇਵੇਗਾ: "ਮੈਨੂੰ ਆਪਣੇ ਮਾਲਕ ਤੋਂ ਇੱਕ ਮਾਰਕ ਫੀ ਦਿਨ ਮਿਲਦਾ ਹੈ"; ਦੂਜਾ ਕਹੇਗਾ, "ਮੈਨੂੰ ਦੋ ਮਾਰਕ ਮਿਲਦੇ ਹਨ" ਆਦਿ। ਵੱਖੋ ਵੱਖਰੇ ਕਿੱਤਿਆਂ ਅਨੁਸਾਰ, ਜਿਨ੍ਹਾਂ ਨਾਲ਼ ਉਹ ਸਬੰਧ ਰੱਖਦੇ ਹੁੰਦੇ ਹਨ, ਉਹ ਪੈਸਿਆਂ ਦੀਆਂ ਵੱਖੋ ਵੱਖਰੀਆਂ ਰਕਮਾਂ ਦਾ ਜ਼ਿਕਰ ਕਰਨਗੇ ਜਿਹੜੀਆਂ ਉਹਨਾਂ ਨੂੰ ਖਾਸ ਕੰਮ ਕਰਨ ਲਈ ਆਪਣੇ ਆਪਣੇ ਮਾਲਕ ਤੋਂ ਮਿਲਦੀਆਂ

ਹਨ, ਉਦਾਹਰਣ ਵਜੋਂ, ਇੱਕ ਗਜ਼ ਲਿਨਨ ਉਨਣ ਲਈ ਜਾਂ ਇੱਕ ਸਫ਼ੇ ਦੀ ਟਾਈਪ ਸੈੱਟ ਕਰਨ ਲਈ। ਉਹਨਾਂ ਦੇ ਬਿਆਨਾਂ ਦੀ ਬਹੁਭਿੰਨਤਾਂ ਦੇ ਬਾਵਜੂਦ, ਉਹ ਸਾਰੇ ਇੱਕ ਗੱਲ ਬਾਰੇ ਸਹਿਮਤ ਹੋਣਗੇ: ਉਜਰਤ ਪੈਸਿਆਂ ਦੀ ਉਹ ਰਕਮ ਹੈ ਜਿਹੜੀ ਸਰਮਾਏਦਾਰ ਵੱਲੋਂ ਕਿਰਤ ਦੇ ਖਾਸ ਸਮੇਂ ਲਈ ਜਾਂ ਕਿਰਤ ਦੀ ਖਾਸ ਉਪਜ ਲਈ ਦਿੱਤੀ ਜਾਂਦੀ ਹੈ।

ਲਗਦਾ ਹੈ ਕਿ ਸਰਮਾਏਦਾਰ ਉਹਨਾਂ ਦੀ ਕਿਰਤ ਨੂੰ ਪੈਸਿਆਂ ਨਾਲ਼ **ਖਰੀਦਦਾ ਹੈ।** ਉਹ ਪੈਸਿਆਂ ਲਈ ਆਪਣੀ ਕਿਰਤ ਉਸ ਕੋਲ **ਵੇਚਦੇ ਹਨ।** ਪਰ ਇਹ ਸਿਰਫ਼ ਦਿਸਦਾ ਹੀ ਹੈ। ਅਸਲ ਵਿੱਚ ਉਹ ਸਰਮਾਏਦਾਰ ਕੋਲ ਪੈਸਿਆਂ ਲਈ ਜੋ ਵੇਚਦੇ ਹਨ ਉਹ ਹੈ ਆਪਣੀ ਕਿਰਤ **ਸ਼ਕਤੀ**। ਸਰਮਾਏਦਾਰ ਇਸ ਕਿਰਤ ਸ਼ਕਤੀ ਨੂੰ ਇੱਕ ਦਿਨ, ਇੱਕ ਹਫ਼ਤੇ, ਇੱਕ ਮਹੀਨੇ ਆਦਿ ਲਈ ਖਰੀਦਦਾ ਹੈ। ਤੇ ਇਸ ਨੂੰ ਖਰੀਦਣ ਤੋਂ ਪਿੱਛੋਂ ਉਹ ਮਜ਼ਦੂਰਾਂ ਤੋਂ ਮਿੱਥੇ ਸਮੇਂ ਲਈ ਕੰਮ ਕਰਵਾ ਕੇ ਇਸ ਦੀ ਵਰਤੋਂ ਕਰਦਾ ਹੈ। ਉਸੇ ਰਕਮ ਨਾਲ਼ ਜਿਸ ਨਾਲ਼ ਸਰਮਾਏਦਾਰ ਨੇ ਉਹਨਾਂ ਦੀ ਕਿਰਤ ਸ਼ਕਤੀ ਖਰੀਦੀ ਹੈ, ਉਦਾਹਰਣ ਵਜੋਂ ਦੋ ਮਾਰਕ ਨਾਲ਼, ਉਹ ਦੋ ਪੌਂਡ ਖੰਡ ਜਾਂ ਕਿਸੇ ਵੀ ਹੋਰ ਜਿਨਸ ਦੀ ਨਿਸ਼ਚਿਤ ਮਾਤਰਾ ਵੀ ਖਰੀਦ ਸਕਦਾ ਸੀ। ਦੋ ਮਾਰਕ, ਜਿਨ੍ਹਾਂ ਨਾਲ਼ ਉਸ ਨੇ ਦੋ ਪੌਂਡ ਖੰਡ ਖਰੀਦੀ ਹੈ, ਦੋ ਪੌਂਡ ਖੰਡ ਦੀ **ਕੀਮਤ** ਹਨ। ਦੋ ਮਾਰਕ, ਜਿਨ੍ਹਾਂ ਨਾਲ਼ ਉਸ ਨੇ ਬਾਰ੍ਹਾਂ ਘੰਟੇ ਵਰਤੋਂ ਲਈ ਕਿਰਤ ਸ਼ਕਤੀ ਖਰੀਦੀ ਹੈ, ਬਾਰ੍ਹਾਂ ਘੰਟੇ ਦੀ ਕਿਰਤ ਦੀ ਕੀਮਤ ਹਨ। ਇਸ ਲਈ, ਕਿਰਤ ਸ਼ਕਤੀ ਇੱਕ ਜਿਨਸ ਹੈ, ਬਿਲਕੁੱਲ ਖੰਡ ਵਾਂਗ। ਇਹ ਘੜੀ ਨਾਲ਼ ਮਿਣੀ ਜਾਂਦੀ ਹੈ, ਖੰਡ ਤੱਕੜੀ ਨਾਲ਼ ਤੋਲੀ ਜਾਂਦੀ ਹੈ।

ਮਜ਼ਦੂਰ ਆਪਣੀ ਜਿਨਸ, ਕਿਰਤ ਸ਼ਕਤੀ ਦਾ ਸਰਮਾਏਦਾਰ ਦੀ ਜਿਨਸ, ਪੈਸਿਆਂ, ਨਾਲ਼ ਵਟਾਂਦਰਾ ਕਰਦੇ ਹਨ, ਤੇ ਇਹ ਵਟਾਂਦਰਾ ਨਿਸ਼ਚਿਤ ਨਿਸਬਤ ਵਿੱਚ ਹੁੰਦਾ ਹੈ। ਕਿਰਤ ਸ਼ਕਤੀ ਦੀ ਏਨਾਂ ਸਮਾਂ ਵਰਤੋਂ ਲਈ ਏਨੇ ਪੈਸੇ। ਬਾਰ੍ਹਾਂ ਘੰਟੇ ਦੀ ਉਣਾਈ ਲਈ ਦੋ ਮਾਰਕ। ਤੇ ਕੀ ਇਹ ਦੋ ਮਾਰਕ ਉਹਨਾਂ ਸਾਰੀਆਂ ਦੂਜੀਆਂ ਜਿਨਸਾਂ ਦੀ ਵੀ ਪ੍ਰਤੀਨਿਧਤਾਂ ਨਹੀਂ ਕਰਦੇ ਜਿਹੜੀਆਂ ਮੈਂ ਦੋ ਮਾਰਕ ਲਈ ਖਰੀਦ ਸਕਦਾ ਹਾਂ ? ਇਸ ਲਈ, ਅਸਲ ਵਿੱਚ, ਮਜ਼ਦੂਰ ਨੇ ਆਪਣੀ ਜਿਨਸ, ਕਿਰਤ ਸ਼ਕਤੀ, ਦਾ ਦੂਜੀਆਂ ਹਰ ਤਰ੍ਹਾਂ ਦੀਆਂ ਚੀਜ਼ਾਂ ਨਾਲ਼ ਵਟਾਂਦਰਾ ਕੀਤਾ ਹੈ ਤੇ ਉਹ ਵੀ ਇੱਕ ਨਿਸ਼ਚਿਤ ਨਿਸਬਤ ਵਿੱਚ। ਉਸ ਨੂੰ ਦੋ ਮਾਰਕ ਦੇ ਕੇ ਸਰਮਾਏਦਾਰ ਨੇ ਉਸ ਦੀ ਦਿਹਾੜੀ ਦੀ ਕਿਰਤ ਦੇ ਬਦਲੇ ਵਿੱਚ ਉਸ ਨੂੰ ਏਨਾਂ ਮਾਸ, ਏਨੇ ਕੱਪੜੇ, ਏਨਾ ਬਾਲਣ, ਬਿਜਲੀ ਆਦਿ ਦੇ ਦਿੱਤੇ ਹਨ। ਇਸ ਤਰ੍ਹਾਂ ਨਾਲ਼, ਦੋ ਮਾਰਕ ਉਸ ਨਿਸਬਤ ਨੂੰ ਪ੍ਰਗਟ ਕਰਦੇ ਹਨ ਜਿਸ ਵਿੱਚ ਉਸ ਦੀ ਕਿਰਤ ਦਾ ਦੂਜੀਆਂ ਜਿਨਸਾਂ ਨਾਲ਼ ਵਟਾਂਦਰਾ ਹੁੰਦਾ ਹੈ, ਉਸ ਦੀ ਕਿਰਤ ਸ਼ਕਤੀ ਨੂੰ **ਵਟਾਂਦਰਾ ਕਦਰ** ਨੂੰ। **ਪੈਸਿਆਂ** ਵਿੱਚ ਤੈਅ ਕੀਤੀ ਗਈ ਜਿਨਸ ਦੀ ਵਟਾਂਦਰਾ ਕਦਰ ਨੂੰ **ਕੀਮਤ** ਕਹਿੰਦੇ ਹਨ। **ਉਜਰਤ** ਕਿਰਤ ਸ਼ਕਤੀ ਦੀ ਕੀਮਤ ਦਾ, ਜਿਸ ਨੂੰ ਆਮ ਕਰਕੇ **ਕਿਰਤ ਦੀ ਕੀਮਤ** ਕਿਹਾ ਜਾਂਦਾ, ਸਿਰਫ਼ ਖਾਸ ਨਾਂ ਹੈ, ਇਸ ਖਾਸ ਜਿਨਸ ਦੀ ਕੀਮਤ ਦਾ, ਜਿਸ ਦਾ ਹੋਰ ਕੋਈ ਭੰਡਾਰ-ਸਥਾਨ ਨਹੀਂ ਸਿਵਾਏ ਮਨੁੱਖਾ ਲਹੂ ਮਾਸ ਦੇ।

ਆਓ ਕੋਈ ਵੀ ਮਜ਼ਦੂਰ ਲਈਏ, ਜਿਵੇਂ ਕਿ, ਜੁਲਾਹਾ। ਸਰਮਾਏਦਾਰ ਉਸ ਨੂੰ

ਖੱਡੀ ਤੇ ਧਾਗਾ ਮੁਹੱਈਆ ਕਰਦਾ ਹੈ। ਜੁਲਾਹਾ ਕੰਮ ਸ਼ੁਰੂ ਕਰ ਦਿੰਦਾ ਹੈ ਤੇ ਧਾਗਾ ਲਿਨਨ ਵਿੱਚ ਬਦਲ ਜਾਂਦਾ ਹੈ। ਸਰਮਾਏਦਾਰ ਇਸ ਲਿਨਨ ਨੂੰ ਕਾਬੂ ਕਰਦਾ ਹੈ ਤੇ ਵੇਚ ਦਿੰਦਾ ਹੈ— ਫਰਜ਼ ਕਰੋ, ਵੀਹ ਮਾਰਕ ਲਈ। ਹੁਣ, ਕੀ ਜੁਲਾਹੇ ਦੀ ਉਜਰਤ ਲਿਨਨ ਦੀ ਕੀਮਤ ਵਿੱਚ, ਵੀਹ ਮਾਰਕਾਂ ਵਿੱਚ, ਉਸ ਦੀ ਕਿਰਤ ਦੀ ਉਪਜ ਵਿੱਚ ਇੱਕ **ਹਿੱਸਾ** ਹੈ ? ਬਿਲਕੁੱਲ ਨਹੀਂ। ਲਿਨਨ ਦੇ ਵਿਕਣ ਤੋਂ ਬਹੁਤ ਸਮਾਂ ਪਹਿਲਾਂ, ਸ਼ਾਇਦ ਇਸ ਦੀ ਉਣਾਈ ਖਤਮ ਹੋਣ ਤੋਂ ਵੀ ਪਹਿਲਾਂ, ਜੁਲਾਹਾ ਆਪਣੀ ਉਜਰਤ ਲੈ ਚੁੱਕਾ ਹੁੰਦਾ ਹੈ। ਇਸ ਲਈ, ਸਰਮਾਏਦਾਰ ਉਸ ਪੈਸੇ ਵਿੱਚੋਂ ਇਹ ਉਜਰਤ ਨਹੀਂ ਦਿੰਦਾ, ਜਿਹੜਾ ਪੈਸਾ ਉਸ ਨੂੰ ਲਿਨਨ ਤੋਂ ਮਿਲੇਗਾ, ਸਗੋਂ ਪਹਿਲਾਂ ਹੀ ਰਾਖਵੇਂ ਪਏ ਪੈਸੇ ਵਿੱਚੋਂ ਦਿੰਦਾ ਹੈ। ਬਿਲਕੁੱਲ ਜਿਸ ਤਰ੍ਹਾਂ ਕਿ ਖੱਡੀ ਤੇ ਧਾਗਾ ਉਸ ਜੁਲਾਹੇ ਦੀ ਉਪਜ ਨਹੀਂ ਹਨ, ਜਿਸ ਨੂੰ ਉਸ ਦੇ ਮਾਲਕ ਵੱਲੋਂ ਇਹ ਮੁਹੱਈਆ ਕੀਤੇ ਜਾਂਦੇ ਹਨ, ਇਸੇ ਤਰ੍ਹਾਂ ਹੀ ਉਹਨਾਂ ਜਿਨਸਾਂ ਦੀ ਹਾਲਤ ਹੁੰਦੀ ਹੈ ਜਿਹੜੀਆਂ ਜੁਲਾਹਾ ਆਪਣੀ ਜਿਨਸ, ਕਿਰਤ ਸ਼ਕਤੀ, ਦੇ ਵਟਾਂਦਰੇ ਵਿੱਚ ਪ੍ਰਾਪਤ ਕਰਦਾ ਹੈ।ਇਹ ਬਿਲਕੁੱਲ ਸੰਭਵ ਹੈ ਕਿ ਉਸ ਦੇ ਮਾਲਕ ਨੂੰ ਆਪਣੀ ਲਿਨਨ ਦਾ ਕੋਈ ਖਰੀਦਦਾਰ ਹੀ ਨਾ ਮਿਲੇ। ਇਹ ਸੰਭਵ ਹੈ ਕਿ ਇਸ ਨੂੰ ਵਚੇਕ ਉਸ ਨੂੰ ਉਜਰਤਾਂ ਜਿੰਨੀ ਰਕਮ ਵੀ ਵਸੂਲ ਨਾ ਹੋਵੇ। ਇਹ ਸੰਭਵ ਹੈ ਕਿ ਜੁਲਾਹੇ ਦੀ ਉਜਰਤ ਦੇ ਮੁਕਾਬਲੇ ਵਿੱਚ ਉਹ ਲਿਨਨ ਨੂੰ ਕਾਫ਼ੀ ਮੁਨਾਫ਼ੇ ਉੱਤੇ ਵੇਚ ਲਵੇ। ਇਸ ਸਭ ਕੁੱਝ ਦਾ ਜੁਲਾਹੇ ਨਾਲ਼ ਕੋਈ ਸਬੰਧ ਨਹੀਂ। ਸਰਮਾਏਦਾਰ ਆਪਣੇ ਪਏ ਧਨ ਦੇ, ਆਪਣੇ ਸਰਮਾਏ ਦੇ, ਇੱਕ ਹਿੱਸੇ ਨਾਲ਼ ਜੁਲਾਹੇ ਦੀ ਕਿਰਤ ਸ਼ਕਤੀ ਖਰੀਦ ਲੈਂਦਾ ਹੈ, ਬਿਲਕੁੱਲ ਜਿਸ ਤਰ੍ਹਾਂ ਉਸ ਨੇ ਕੱਚਾ ਮਾਲ — ਧਾਗਾ — ਤੇ ਕਿਰਤ ਦਾ ਸੰਦ — ਖੱਡੀ — ਆਪਣੇ ਧਨ ਦੇ ਇੱਕ ਹੋਰ ਹਿੱਸੇ ਨਾਲ਼ ਖਰੀਦੀ ਸੀ। ਇਹ ਖਰੀਦਾਂ ਕਰਨ ਤੋਂ ਪਿੱਛੋਂ, ਤੇ ਇਹਨਾਂ ਵਿੱਚ ਲਿਨਨ ਦੇ ਉਤਪਾਦਨ ਲਈ ਲੁੜੀਂਦੀ ਕਿਰਤ ਸ਼ਕਤੀ ਵੀ ਸ਼ਾਮਲ ਹੈ, ਉਹ ਸਿਰਫ਼ ਕੱਚੇ **ਮਾਲ ਤੇ ਕਿਰਤ ਦੇ ਸੰਦਾਂ** ਨਾਲ਼ ਹੀ ਉਤਪਾਦਨ ਕਰਦਾ ਹੈ, ਜਿਹੜੇ **ਉਸ ਦੀ ਮਲਕੀਅਤ** ਹੁੰਦੇ ਹਨ। ਕਿਉਂਕਿ ਕਿਰਤ ਦੇ ਸੰਦਾਂ ਵਿੱਚ ਹੁਣ, ਇਹ ਬਿਲਕੁੱਲ ਠੀਕ ਹੈ, ਸਾਡਾ ਚੰਗਾ ਜੁਲਾਹਾ ਵੀ ਸ਼ਾਮਲ ਹੁੰਦਾ ਹੈ, ਜਿਸ ਦਾ ਉਪਜ ਵਿੱਚ ਜਾਂ ਉਪਜ ਦੀ ਕੀਮਤ ਵਿੱਚ ਉਸੇ ਤਰ੍ਹਾਂ ਹੀ ਕੋਈ ਹਿੱਸਾ ਨਹੀਂ ਹੁੰਦਾ ਜਿਸ ਤਰ੍ਹਾਂ ਖੱਡੀ ਦਾ ਨਹੀਂ ਹੁੰਦਾ।

**ਇਸ ਲਈ ਉਜਰਤ ਮਜ਼ਦੂਰ ਵੱਲੋਂ ਪੈਦਾ ਕੀਤੀ ਗਈ ਜਿਨਸ ਵਿੱਚ ਉਸ ਦਾ ਹਿੱਸਾ ਨਹੀਂ ਹੁੰਦੀ। ਉਜਰਤ ਪਹਿਲਾਂ ਹੀ ਮੌਜੂਦ ਜਿਨਸਾਂ ਦਾ ਹਿੱਸਾ ਹੁੰਦੀ ਹੈ, ਜਿਸ ਨਾਲ਼ ਸਰਮਾਏਦਾਰ ਆਪਣੇ ਲਈ ਉਪਜਾਊ ਕਿਰਤ ਸ਼ਕਤੀ ਦੀ ਨਿਸ਼ਚਿਤ ਮਾਤਰਾ ਖਰੀਦਦਾ ਹੈ।**

ਇਸ ਲਈ, ਕਿਰਤ ਸ਼ਕਤੀ ਇੱਕ ਜਿਨਸ ਹੈ ਜਿਸ ਨੂੰ ਇਸ ਦਾ ਮਾਲਕ, ਉਜਰਤੀ ਮਜ਼ਦੂਰ, ਸਰਮਾਏ ਕੋਲ ਵੇਚਦਾ ਹੈ। ਉਹ ਇਸ ਨੂੰ ਕਿਉਂ ਵੇਚਦਾ ਹੈ ? ਜੀਊਣ ਦੀ ਖਾਤਰ।

ਪਰ ਕਿਰਤ ਸ਼ਕਤੀ ਦੀ ਵਰਤੋਂ, ਕਿਰਤ, ਮਜ਼ਦੂਰ ਦੀ ਆਪਣੀ ਜੀਵਨ-ਸਰਗਰਮੀ ਹੈ, ਉਸ ਦੇ ਆਪਣੇ ਜੀਵਨ ਦਾ ਪ੍ਰਗਟਾਅ ਤੇ ਇਹ **ਜੀਵਨ-ਸਰਗਰਮੀ** ਉਹ ਕਿਸੇ ਦੂਜੇ ਕੋਲ ਵੇਚਦਾ ਹੈ, ਤਾਂ ਕਿ **ਰੋਜ਼ੀ** ਦੇ ਲੁੜੀਂਦੇ **ਸਾਧਨ** ਪ੍ਰਾਪਤ ਕਰ ਸਕੇ। ਇਸ ਤਰ੍ਹਾਂ ਉਸ ਦੀ ਜੀਵਨ-ਸਰਗਰਮੀ ਉਸ ਲਈ ਸਿਰਫ਼ ਇੱਕ ਸਾਧਨ ਹੈ, ਉਸ ਨੂੰ ਜੀਊਂਦੇ ਰਹਿਣ ਦੇ

ਯੋਗ ਬਨਾਉਣ ਦਾ। ਉਹ ਕੰਮ ਕਰਦਾ ਹੈ ਤਾਂ ਕਿ ਜਿਉ ਸਕੇ। ਉਹ ਸਗੋਂ ਕਿਰਤ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਵੀ ਨਹੀਂ ਸਮਝਦਾ, ਇਹ ਸਗੋਂ ਉਸ ਦੇ ਜੀਵਨ ਦੀ ਕੁਰਬਾਨੀ ਹੈ। ਇਹ ਇੱਕ ਜਿਨਸ ਹੈ ਜਿਹੜੀ ਉਸ ਨੇ ਕਿਸੇ ਦੂਜੇ ਦੇ ਹਵਾਲੇ ਕਰ ਦਿੱਤੀ ਹੁੰਦੀ ਹੈ। ਇਸੇ ਤਰ੍ਹਾਂ ਹੀ, ਉਸ ਦੀ ਸਰਗਰਮੀ ਦੀ ਉਪਜ ਵੀ ਉਸ ਦੀ ਸਰਗਰਮੀ ਦਾ ਨਿਸ਼ਾਨਾ ਨਹੀਂ ਹੁੰਦੀ। ਉਹ ਆਪਣੇ ਲਈ ਜੋ ਪੈਦਾ ਕਰਦਾ ਹੈ ਉਹ ਰੇਸ਼ਮ ਨਹੀਂ ਜਿਹੜਾ ਉਹ ਉਣਦਾ ਹੈ, ਉਹ ਸੋਨਾ ਨਹੀਂ ਜਿਹੜਾ ਉਹ ਖਾਨ ਵਿੱਚੋਂ ਕੱਢਦਾ ਹੈ, ਉਹ ਮਹੱਲ ਨਹੀਂ, ਜਿਹੜਾ ਉਹ ਉਸਾਰਦਾ ਹੈ। ਆਪਣੇ ਲਈ ਉਹ ਜੋ ਪੈਦਾ ਕਰਦਾ ਹੈ, ਉਹ ਹੈ **ਉਜਰਤ** ਤੇ ਰੇਸ਼ਮ, ਸੋਨਾ, ਮਹੱਲ ਉਸ ਲਈ ਰੋਜ਼ੀ ਦੇ ਸਾਧਨਾਂ ਦੀ ਨਿਸ਼ਚਿਤ ਮਾਤਰਾ ਵਿੱਚ, ਸ਼ਾਇਦ ਇੱਕ ਸੂਤੀ ਜਾਕਟ, ਕੁੱਝ ਤਾਂਬੇ ਦੇ ਸਿੱਕੇ ਤੇ ਭੋਰੇ ਵਿੱਚ ਰਹਿਣ ਵਿੱਚ ਢਲ ਜਾਂਦੇ ਹਨ। ਤੇ ਮਜ਼ਦੂਰ, ਜਿਹੜਾ ਬਾਰ੍ਹਾਂ ਘੰਟੇ ਲਈ ਉਣਦਾ, ਕੱਤਦਾ, ਵਰਮਾਉਂਦਾ, ਖਰਾਦਦਾ, ਉਸਾਰਦਾ, ਬੇਲਚਾ ਚਲਾਉਂਦਾ, ਪੱਥਰ ਤੋੜਦਾ, ਭਾਰ ਚੁੱਕਦਾ ਹੈ — ਕੀ ਉਹ ਬਾਰ੍ਹਾਂ ਘੰਟੇ ਦੀ ਉਣਾਈ, ਕਤਾਈ, ਵਰਮਾਈ, ਖਾਰਦ ਦੇ ਕੰਮ, ਉਸਾਰੀ, ਬੇਲਚਾ ਚਲਾਉਣ, ਪੱਥਰ ਤੋੜਨ ਨੂੰ ਆਪਣੀ ਜ਼ਿੰਦਗੀ ਦਾ ਪ੍ਰਗਟਾਅ, ਆਪਣੀ ਜ਼ਿੰਦਗੀ, ਸਮਝਦਾ ਹੈ ? ਇਸ ਦੇ ਉਲਟ, ਉਸ ਲਈ ਜ਼ਿੰਦਗੀ ਉੱਥੋਂ ਸ਼ੁਰੂ ਹੁੰਦੀ ਹੈ, ਜਿੱਥੇ ਇਹ ਸਰਗਰਮੀ ਖਤਮ ਹੋ ਜਾਂਦੀ ਹੈ — ਮੇਜ਼ ਉੱਤੇ, ਸ਼ਰਾਬਖਾਨੇ ਵਿੱਚ, ਬਿਸਤਰੇ ਵਿੱਚ। ਦੂਜੇ ਪਾਸੇ, ਬਾਰ੍ਹਾਂ ਘੰਟੇ ਦੀ ਕਿਰਤ ਉਸ ਲਈ ਕੱਤਣ, ਉਨਣ, ਵਰਮਾਉਣ ਆਦਿ ਵਜੋਂ ਕੋਈ ਅਰਥ ਨਹੀਂ ਰੱਖਦੀ, ਸਗੋਂ ਇੱਕ **ਕਮਾਈ** ਦਾ ਢੰਗ ਹੈ, ਜਿਹੜੀ ਉਸ ਨੂੰ ਮੇਜ਼ ਉੱਤੇ, ਸ਼ਰਾਬਖਾਨੇ ਵਿੱਚ, ਬਿਸਤਰੇ ਵਿੱਚ ਲੈ ਜਾਂਦੀ ਹੈ। ਜੇ ਰੇਸ਼ਮ ਦਾ ਕੀੜਾ ਕੀੜੇ ਵਜੋਂ ਆਪਣੀ ਹੋਂਦ ਨੂੰ ਜਾਰੀ ਰੱਖਣ ਲਈ ਉਣੇ, ਤਾਂ ਇਹ ਪੂਰਨ ਉਜਰਤੀ ਮਜ਼ਦੂਰ ਹੋਵੇਗਾ। ਕਿਰਤ ਸ਼ਕਤੀ ਹਮੇਸ਼ਾ ਹੀ **ਜਿਨਸ** ਨਹੀਂ ਸੀ ਹੁੰਦੀ। ਕਿਰਤ ਹਮੇਸ਼ਾ ਹੀ ਉਜਰਤੀ ਕਿਰਤ, ਭਾਵ, **ਆਜ਼ਾਦ ਕਿਰਤ** ਨਹੀਂ ਸੀ ਹੁੰਦੀ। **ਗੁਲਾਮ** ਆਪਣੀ ਕਿਰਤ ਸ਼ਕਤੀ ਗੁਲਾਮ-ਮਾਲਕ ਕੋਲ ਵੇਚਦਾ ਨਹੀਂ ਸੀ, ਜਿਸ ਤਰ੍ਹਾਂ ਬਲਦ ਆਪਣੀਆਂ ਸੇਵਾਵਾਂਕਿਸਾਨ ਕੋਲ ਨਹ3 ਵੇਚਦਾ। ਗੁਲਾਮ ਨੂੰ, ਉਸ ਦੀ ਸਾਰੀ ਕਿਰਤ ਸ਼ਕਤੀ ਸਮੇਤ, ਉਸ ਦੇ ਮਾਲਕ ਕੋਲ ਹਮੇਸ਼ਾ ਲਈ ਵੇਚ ਦਿੱਤਾ ਜਾਂਦਾ ਹੈ। ਉਹ ਇੱਕ ਐਸੀ ਜਿਨਸ ਹੁੰਦਾ ਹੈ, ਜਿਹੜੀ ਇੱਕ ਤੋਂ ਦੂਜੇ ਮਾਲਕ ਕੋਲ ਹੱਥੋ ਹੱਥ ਵਿੱਕ ਸਕਦੀ ਹੈ। ਉਹ **ਖੁਦ** ਇੱਕ ਜਿਨਸ ਹੁੰਦਾ ਹੈ, ਪਰ ਕਿਰਤ ਸ਼ਕਤੀ ਉਸ ਦੀ ਜਿਨਸ ਨਹੀਂ ਹੁੰਦੀ। **ਭੂਮੀ-ਗੁਲਾਮ** ਆਪਣੀ ਕਿਰਤ ਸ਼ਕਤੀ ਦਾ ਸਿਰਫ਼ ਇੱਕ ਹਿੱਸਾ ਹੀ ਵੇਚਦਾ ਹੈ। ਉਹ ਭੂਮੀ ਦੇ ਮਾਲਕ ਤੋਂ ਉਜਰਤ ਨਹੀਂ ਪ੍ਰਾਪਤ ਕਰਦਾ; ਸਗੋਂ ਭੂਮੀ ਦਾ ਮਾਲਕ ਉਸ ਤੋਂ ਨਜ਼ਰਾਨਾ ਲੈਂਦਾ ਹੈ।

ਭੂਮੀ-ਗੁਲਾਮ ਭੂਮੀ ਦੀ ਮਲਕੀਅਤ ਹੁੰਦਾ ਹੈ ਤੇ ਉਸ ਤੋਂ ਪੈਦਾ ਹੁੰਦਾ ਫਲ ਭੂਮੀ ਦੇ ਮਾਲਕ ਦੇ ਹਵਾਲੇ ਕਰ ਦਿੰਦਾ ਹੈ। ਦੂਜੇ ਪਾਸੇ, **ਅਜ਼ਾਦ ਕਿਰਤੀ** ਆਪਣੇ ਆਪ ਨੂੰ ਵੇਚਦਾ ਹੈ ਤੇ ਸੱਚਮੁੱਚ, ਥੋਹੜਾ ਥੋਹੜਾ ਕਰਕੇ ਵੇਚਦਾ ਹੈ। ਉਹ ਨੀਲਾਮੀ ਵਿੱਚ ਸਭ ਤੋਂ ਵੱਧ ਬੋਲੀ ਦੇਣ ਵਾਲ਼ੇ ਕੋਲ਼, ਕੱਚੇ ਮਾਲ, ਕਿਰਤ ਦੇ ਔਜ਼ਾਰਾਂ ਤੇ ਰੋਜ਼ੀ ਦੇ ਸਾਧਨਾਂ ਦੇ ਮਾਲਕ ਕੋਲ਼, ਭਾਵ ਸਰਮਾਏਦਾਰ ਕੋਲ਼ ਆਪਣੀ ਜ਼ਿੰਦਗੀ ਦੇ ਅੱਠ, ਦਸ, ਬਾਰ੍ਹਾਂ, ਪੰਦਰ੍ਹਾਂ ਘੰਟੇ, ਦਿਨ ਪ੍ਰਤੀ ਦਿਨ ਵੇਚ ਦਿੰਦਾ ਹੈ। ਮਜ਼ਦੂਰ ਨਾ ਤਾਂ ਮਾਲਕ ਦੀ ਤੇ ਨਾ ਹੀ ਜ਼ਮੀਨ ਦੀ ਮਲਕੀਅਤ ਹੁੰਦਾ ਹੈ,

ਸਗੋਂ ਉਸ ਦੀ ਰੋਜ਼ਾਨਾ ਜ਼ਿੰਦਗੀ ਦੇ ਅੱਠ, ਦਸ, ਬਾਰ੍ਹਾਂ, ਪੰਦਰ੍ਹਾਂ ਘੰਟੇ ਉਸ ਦੀ ਮਲਕੀਅਤ ਹੁੰਦੇ ਹਨ, ਜਿਹੜਾ ਉਹਨਾਂ ਨੂੰ ਖਰੀਦ ਲੈਂਦਾ ਹੈ। ਮਜ਼ਦੂਰ ਜਿਸ ਸਰਮਾਏਦਾਰ ਕੋਲ਼ ਭਾੜੇ ਉੱਤੇ ਲੱਗਦਾ ਹੈ। ਉਸ ਨੂੰ ਜਦੋਂ ਚਾਹੇ ਛੱਡ ਦਿੰਦਾ ਹੈ ਤੇ ਸਰਮਾਏਦਾਰ ਜਦੋਂ ਵੀ ਉਚਿਤ ਸਮਝਦਾ ਹੈ, ਜਦੋਂ ਹੀ ਉਸ ਨੂੰ ਉਸ ਤੋਂ ਕੋਈ ਲਾਭ ਨਹੀਂ ਹੁੰਦਾ, ਜਾਂ ਓਨਾ ਲਾਭ ਨਹੀਂ ਹੁੰਦਾ ਜਿੰਨਾਂ ਉਹ ਖਿਆਲ ਕਰਦਾ ਸੀ, ਉਸ ਨੂੰ ਕੱਢ ਦਿੰਦਾ ਹੈ। ਪਰ ਮਜ਼ਦੂਰ, ਜਿਸ ਦੀ ਰੋਜ਼ੀ ਦਾ ਇੱਕੋ ਇੱਕ ਸਾਧਨ ਆਪਣੀ ਕਿਰਤ ਸ਼ਕਤੀ ਦੀ ਵਿਕਰੀ ਹੁੰਦਾ ਹੈ, ਆਪਣੀ ਹੋਂਦ ਦਾ ਤਿਆਗ ਕਰਨ ਤੋਂ ਬਿਨਾਂ, **ਖਰੀਦਾਰਾਂ ਦੀ ਸਾਰੀ ਜਮਾਤ ਨੂੰ**, **ਭਾਵ**, **ਸਰਮਾਏਦਾਰ ਜਮਾਤ ਨੂੰ** ਨਹੀਂ ਛੱਡ ਸਕਦਾ। ਉਹ ਇੱਕ ਜਾਂ ਦੂਜੇ ਸਰਮਾਏਦਾਰ ਦਾ ਨਹੀਂ ਹੁੰਦਾ, ਸਗੋਂ **ਸਰਮਾਏਦਾਰ ਜਮਾਤ ਦਾ ਹੁੰਦਾ ਹੈ**, ਤੇ ਇਸ ਤੋਂ ਛੁੱਟ, ਆਪਣੇ ਆਪ ਨੂੰ ਵੇਚਣਾ, ਭਾਵ, ਇਸ ਸਰਮਾਏਦਾਰ ਜਮਾਤ ਦੇ ਅੰਦਰ ਅੰਦਰ ਕੋਈ ਖਰੀਦਦਾਰ ਲੱਭਣਾ ਉਸ ਦਾ ਕੰਮ ਹੁੰਦਾ ਹੈ।

ਹੁਣ, ਸਰਮਾਏ ਤੇ ਉਜਰਤੀ ਕਿਰਤ ਵਿਚਕਾਰ ਸਬੰਧ ਦੀ ਵਧੇਰੇ ਡੂੰਘੀ ਤਰ੍ਹਾਂ ਛਾਣਬੀਣ ਕਰਨ ਤੋਂ ਪਹਿਲਾਂ, ਅਸੀਂ ਸਭ ਤੋਂ ਵੱਧ ਆਮ ਸਬੰਧਾਂ ਨੂੰ ਸੰਖੇਪ ਵਿੱਚ ਪੇਸ਼ ਕਰਾਂਗੇ, ਜਿਨ੍ਹਾਂ ਨੂੰ ਉਜਰਤਾਂ ਨਿਸ਼ਚਿਤ ਕਰਨ ਲਗਿਆਂ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਜਿਵੇਂ ਕਿ ਅਸੀਂ ਦੇਖਿਆ ਹੈ, **ਉਜਰਤ** ਇੱਕ ਨਿਸ਼ਚਿਤ ਜਿਣਸ, ਕਿਰਤ ਸ਼ਕਤੀ, ਦੀ **ਕੀਮਤ** ਹੈ। ਇਸ ਲਈ ਉਜਰਤ ਉਹਨਾਂ ਹੀ ਕਾਨੂੰਨਾਂ ਨਾਲ਼ ਨਿਸ਼ਚਿਤ ਹੁੰਦੀ ਹੈ, ਜਿਨ੍ਹਾਂ ਨਾਲ਼ ਹੋਰ ਹਰ ਜਿਣਸ ਦੀ ਕੀਮਤ ਨਿਸ਼ਚਿਤ ਹੁੰਦੀ ਹੈ।

ਇਸ ਲਈ ਸਵਾਲ ਇਹ ਹੈ ਕਿ **ਕਿਸੇ ਜਿਣਸ ਦੀ ਕੀਮਤ ਕਿਵੇਂ ਨਿਸ਼ਚਿਤ ਹੁੰਦੀ ਹੈ**?

## ਕਿਸੇ ਜਿਣਸ ਦੀ ਕੀਮਤ
## ਕਿਹੜੀ ਚੀਜ਼ ਨਿਸ਼ਚਿਤ ਕਰਦੀ ਹੈ?

ਖਰੀਦਦਾਰਾਂ ਤੇ ਵੇਚਣ ਵਾਲ਼ਿਆਂ ਵਿਚਲਾ ਮੁਕਾਬਲਾ, ਮੰਗ ਤੇ ਭੁਗਤਾਣ ਵਿਚਲਾ, ਮੰਗ ਤੇ ਮੰਗ ਪੂਰਤੀ ਵਿਚਲਾ ਸਬੰਧ। ਜਿਣਸ ਦੀ ਕੀਮਤ ਨਿਸ਼ਚਿਤ ਕਰਨ ਵਾਲ਼ਾ ਮੁਕਾਬਲਾ **ਤਿੰਨ-ਧਿਰਾ** ਹੁੰਦਾ ਹੈ।

ਵੱਖੋ ਵੱਖਰੇ ਵਿਕਰੇਤਾ ਉਹੀ ਜਿਣਸ ਪੇਸ਼ ਕਰਦੇ ਹਨ। ਇੱਕੋ ਹੀ ਕੁਆਲਟੀ ਦੇ ਮਾਲ ਨਾਲ਼, ਜਿਹੜਾ ਵੀ ਕੋਈ ਸਭ ਤੋਂ ਸਸਤਾ ਵੇਚਦਾ ਹੈ, ਉਹ ਯਕੀਨਨ ਦੂਜਿਆਂ ਨੂੰ ਮੈਦਾਨੋਂ ਕੱਢ ਦਿੰਦਾ ਹੈ ਤੇ ਆਪਣੇ ਲਈ ਵੱਧ ਤੋਂ ਵੱਧ ਵਿਕਰੀ ਯਕੀਨੀ ਬਣਾ ਲੈਂਦਾ ਹੈ। ਇਸ ਤਰ੍ਹਾਂ, ਵਿਕਰੇਤਾ ਵਿਕਰੀ ਲਈ, ਮੰਡੀ ਲਈ ਇੱਕ ਦੂਜੇ ਨਾਲ਼ ਮੁਕਾਬਲਾ ਕਰਦੇ ਹਨ। ਉਹਨਾਂ ਵਿੱਚੋਂ ਹਰ ਕੋਈ ਵੇਚਣ ਦੀ, ਜਿੱਥੋਂ ਤੱਕ ਵੱਧ ਤੋਂ ਵੱਧ ਸੰਭਵ ਹੋਵੇ, ਵੇਚਣ ਦੀ, ਤੇ ਜੇ ਸੰਭਵ ਹੋਵੇ ਤਾਂ , ਇਕੱਲਾ ਹੀ, ਦੂਜੇ ਵਿਕਰੇਤਾਵਾਂ ਨੂੰ ਬਾਹਰ ਕੱਢ ਕੇ ਵੇਚਣ ਦੀ ਇੱਛਾ ਰੱਖਦਾ ਹੈ। ਇਸ ਲਈ ਇੱਕ ਜਣਾ ਦੂਜੇ ਤੋਂ ਸਸਤਾ ਵੇਚਦਾ ਹੈ। ਇਸ ਦੇ ਸਿੱਟੇ ਵਜੋਂ,

**ਵਿਕਰੇਤਾਵਾਂ ਵਿਚਕਾਰ ਮੁਕਾਬਲਾ** ਹੋ ਜਾਂਦਾ ਹੈ, ਜਿਹੜਾ ਉਹਨਾਂ ਵੱਲੋਂ ਪੇਸ਼ ਕੀਤੀਆਂ ਗਈਆਂ **ਜਿਣਸਾਂ** ਦੀ ਕੀਮਤ ਨੂੰ **ਹੇਠਾਂ ਸੁੱਟ ਦਿੰਦਾ ਹੈ।**

ਪਰ **ਖਰੀਦਦਾਰਾਂ ਵਿਚਕਾਰ ਵੀ ਮੁਕਾਬਲਾ** ਹੁੰਦਾ ਹੈ, ਜਿਹੜਾ ਆਪਣੀ ਵਾਰੀ, ਪੇਸ਼ ਕੀਤੀਆਂ ਗਈਆਂ ਜਿਣਸਾਂ ਦੀਆਂ ਕੀਮਤਾਂ ਵਿੱਚ **ਵਾਧਾ ਲਿਆਉਂਦਾ ਹੈ।**

ਅਖੀਰ, **ਖਰੀਦਦਾਰਾਂ ਤੇ ਵਿਕਰੇਤਾਵਾਂ ਵਿਚਕਾਰ ਮੁਕਾਬਲਾ** ਹੋ ਜਾਂਦਾ ਹੈ; ਖਰੀਦਾਰ ਜਿੱਥੋਂ ਤੱਕ ਸੰਭਵ ਹੋ ਸਕੇ ਸਸਤਾ ਖਰੀਦਣਾ ਚਾਹੁੰਦੇ ਹਨ, ਵਿਕਰੇਤਾ ਜਿੱਥੋਂ ਤੱਕ ਸੰਭਵ ਹੋ ਸਕੇ ਮਹਿੰਗਾ ਵੇਚਣਾ ਚਾਹੁੰਦੇ ਹਨ। ਖਰੀਦਦਾਰਾਂ ਤੇ ਵਿਕਰੇਤਾਵਾਂ ਵਿਚਲੇ ਇਸ ਮੁਕਾਬਲੇ ਦਾ ਨਤੀਜਾ ਇਸ ਗੱਲ ਉੱਤੇ ਨਿਰਭਰ ਕਰੇਗਾ ਕਿ ਮੁਕਾਬਲੇ ਵਿਚਲੀਆਂ ਦੋ ਉਪ੍ਰੋਕਤ ਧਿਰਾਂ ਵਿਚਕਾਰ ਕੀ ਸਬੰਧ ਹੈ, ਭਾਵ ਕੀ ਖਰੀਦਦਾਰਾਂ ਦੀ ਫੌਜ ਵਿੱਚ ਮੁਕਾਬਲਾ ਵਧੇਰੇ ਤਗੜਾ ਹੈ, ਜਾਂ ਵਿਕਰੇਤਾਵਾਂ ਦੀ ਫੌਜ ਵਿੱਚ। ਸਨਅਤ ਮੈਦਾਨ ਵਿੱਚ ਇੱਕ ਦੂਜੀ ਦੇ ਖਿਲਾਫ਼ ਦੋ ਫੌਜਾਂ ਨੂੰ ਲੈ ਆਉਂਦੀ ਹੈ, ਜਿਨ੍ਹਾਂ ਵਿੱਚੋਂ ਹਰ ਫੌਜ ਦੀਆਂ ਆਪਣੀਆਂ ਸਫਾਂ ਵਿੱਚ, ਖੁਦ ਆਪਣੇ ਫੌਜੀਆਂ ਵਿੱਚ ਵੀ ਲੜਾਈ ਚੱਲ ਰਹੀ ਹੁੰਦੀ ਹੈ। ਜਿਸ ਫੌਜ ਦੇ ਸਿਪਾਹੀ ਇੱਕ ਦੂਜੇ ਨੂੰ ਸਭ ਤੋਂ ਘੱਟ ਕੁੱਟਦੇ ਹਨ, ਉਹ ਆਪਣੀ ਵਿਰੋਧੀ ਧਾੜ ਉੱਪਰ ਜਿੱਤ ਪ੍ਰਾਪਤ ਕਰ ਲੈਂਦੀ ਹੈ।

ਆਓ ਫਰਜ਼ ਕਰੀਏ ਕਿ ਮੰਡੀ ਵਿੱਚ ਕਪਾਹ ਦੀਆਂ ਇੱਕ ਸੌ ਗੱਠਾਂ ਹਨ ਤੇ ਨਾਲ਼ ਹੀ ਇੱਕ ਹਜ਼ਾਰ ਗੱਠਾਂ ਦੇ ਖਰੀਦਦਾਰ ਵੀ ਹਨ। ਇਸ ਲਈ ਇਸ ਸੂਰਤ ਵਿੱਚ ਮੰਗ ਮੰਗ-ਪੂਰਤੀ ਨਾਲ਼ੋਂ ਦਸ ਗੁਣਾ ਹੈ। ਖਰੀਦਦਾਰਾਂ ਵਿਚਕਾਰ ਮੁਕਾਬਲਾ ਬੜਾ ਸਖ਼ਤ ਹੋਵੇਗਾ, ਜਿਨ੍ਹਾਂ ਵਿੱਚੋਂ ਹਰ ਕੋਈ ਇੱਕ ਗੱਠ, ਤੇ ਜੇ ਸੰਭਵ ਹੋਵੇ ਤਾਂ, ਸੌ ਦੀਆਂ ਸੌ ਗੱਠਾਂ ਆਪਣੇ ਲਈ ਲੈਣਾ ਚਾਹੁੰਦਾ ਹੈ। ਇਹ ਉਦਾਹਰਣ ਕੋਈ ਮਨ-ਮਾਣੀ ਦੀ ਮਣੌਤ ਨਹੀਂ। ਅਸੀਂ ਵਪਾਰ ਦੇ ਇਤਿਹਾਸ ਵਿੱਚ ਐਸੇ ਦੌਰ ਦੇਖੇ ਹਨ ਜਦੋਂ ਕਪਾਹ ਦੀ ਫਸਲ ਨਹੀਂ ਸੀ ਹੋਈ, ਜਦੋਂ ਕੁੱਝ ਕੁ ਸਰਮਾਏਦਾਰ ਗੱਠਜੋੜ ਕਰਕੇ ਕੁੱਝ ਸੌ ਗੱਠਾਂ ਨਹੀਂ, ਸਗੋਂ ਦੁਨੀਆਂ ਦਾ ਕਪਾਹ ਦਾ ਸਾਰਾ ਭੰਡਾਰ ਖੀਰਦ ਲੈਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਤਰ੍ਹਾਂ, ਦੱਸੀ ਗਈ ਉਦਾਹਰਣ ਵਿੱਚ, ਇੱਕ ਖਰੀਦਦਾਰ ਕਪਾਹ ਦੀ ਇੱਕ ਗੱਠ ਲਈ ਮੁਕਾਬਲਤਨ ਵਧੇਰੇ ਕੀਮਤ ਪੇਸ਼ ਕਰਕੇ ਦੂਜੇ ਨੂੰ ਮੈਦਾਨੋਂ ਕੱਢਣ ਦੀ ਕੋਸ਼ਿਸ਼ ਕਰੇਗਾ। ਕਪਾਹ ਵਿਕਰੇਤਾ, ਜਿਹੜੇ ਦੇਖਦੇ ਹਨ ਕਿ ਦੁਸ਼ਮਨ ਦੀ ਫੌਜ ਦੇ ਸਿਪਾਹੀ ਆਪਸ ਵਿੱਚ ਬੇਹੱਦ ਤੀਖਣ ਘੋਲ਼ ਵਿੱਚ ਜੁੱਟੇ ਹੋਏ ਹਨ ਤੇ ਉਹਨਾਂ ਦੀਆਂ ਸੌ ਦੀਆਂ ਸੌ ਗੱਠਾਂ ਦੀ ਵਿਕਰੀ ਬਿਲਕੁੱਲ ਯਕੀਨੀ ਹੈ, ਬਿਲਕੁੱਲ ਧਿਆਨ ਰੱਖਣਗੇ ਕਿ ਉਹ ਆਪਸ ਵਿੱਚ ਨਾ ਲੜ ਪੈਣ ਤੇ ਐਸੇ ਮੌਕੇ ਉੱਤੇ ਕਪਾਹ ਦੀ ਕੀਮਤ ਨਾ ਹੇਠਾਂ ਸੁੱਟ ਦੇਣ ਜਦੋਂ ਕਿ ਉਹਨਾਂ ਦੇ ਵਿਰੋਧੀ ਇਸ ਨੂੰ ਉੱਚਾ ਚੁੱਕਣ ਲਈ ਇੱਕ ਦੂਜੇ ਨਾਲ਼ ਬਿਦ ਰਹੇ ਹਨ। ਇਸ ਤਰ੍ਹਾਂ, ਵਿਕਰੇਤਾਵਾਂ ਦੀ ਫੌਜ ਵਿੱਚ ਇੱਕਦਮ ਅਮਨ-ਅਮਾਨ ਹੋ ਜਾਂਦਾ ਹੈ। ਉਹ **ਇਕਮੁੱਠ** ਹੋ ਕੇ ਖਰੀਦਦਾਰਾਂ ਦੇ ਸਨਮੁੱਖ ਖੜੋ ਜਾਂਦੇ ਹਨ, ਦਾਰਸ਼ਨਿਕ ਤਰੀਕੇ ਨਾਲ਼ ਆਪਣੀਆਂ ਬਾਹਵਾਂ ਦੀ ਕਰਿੰਗੜੀ ਪਾਉਂਦੇ ਹਨ, ਤੇ ਉਹਨਾਂ ਦੀਆਂ ਮੰਗਾਂ ਦਾ ਕੋਈ ਹੱਦ-ਬੰਨਾਂ ਹੀ ਨਾ ਹੋਵੇ ਜੇ ਇਹ ਗੱਲ ਨਾ ਹੋਵੇ ਕਿ ਸਭ ਤੋਂ ਵੱਧ ਸਿਰੜੀ ਤੇ ਤੀਬਰ ਖਰੀਦਦਾਰ ਦੀਆਂ ਵੀ ਬੜੀਆਂ ਨਿਸ਼ਚਿਤ ਸੀਮਾਵਾਂ ਹੁੰਦੀਆਂ ਹਨ।

ਇਸ ਲਈ, ਜੇ ਜਿਣਸ ਦੀ ਮੰਗ ਪੂਰਤੀ ਇਸ ਦੀ ਮੰਗ ਨਾਲ਼ੋਂ ਘੱਟ ਹੈ, ਤਾਂ ਵੇਚਣ ਵਾਲ਼ਿਆਂ ਵਿੱਚ ਸਿਰਫ਼ ਥੋਹੜਾ ਜਿਹਾ ਮੁਕਾਬਲਾ ਹੁੰਦਾ ਹੈ, ਜਾਂ ਬਿਲਕੁੱਲ ਨਹੀਂ ਹੁੰਦਾ। ਜਿਸ ਤਨਾਸਬ ਵਿੱਚ ਉਹਨਾਂ ਵਿਚਾਕਰ ਮੁਕਾਬਲਾ ਘੱਟਦਾ ਹੈ, ਖਰੀਦਦਾਰਾਂ ਵਿੱਚ ਉਸੇ ਤਨਾਸਬ ਨਾਲ਼ ਮੁਕਾਬਲਾ ਵੱਧਦਾ ਜਾਂਦਾ ਹੈ। ਇਸ ਦਾ ਸਿੱਟਾ ਜਿਣਸਾਂ ਦੀਆਂ ਕੀਮਤਾਂ ਵਿੱਚ ਜ਼ਰਾਂ ਕੁ ਫਰਕ ਨਾਲ਼ ਕਾਫ਼ੀ ਵਾਧੇ ਵਿੱ ਨਿਕਲਦਾ ਹੈ।

ਇਹ ਸਾਰੇ ਜਾਣਦੇ ਹਨ ਕਿ ਇਸ ਤੋਂ ਉਲਟੀ ਸੂਰਤ ਉਲਟੇ ਸਿੱਟਿਆਂ ਨਾਲ਼ ਵਧੇਰੇ ਕਰਕੇ ਵਾਪਰਦੀ ਹੈ। ਮੰਗ ਨਾਲੋਂ ਮੰਗ-ਪੂਰਤੀ ਦਾ ਅਥਾਹ ਵਾਧਾ; ਖਰੀਦਦਾਰਾਂ ਦੀ ਅਣਹੋਂਦ; ਹਾਸੋਹੀਣੀ ਹੱਦ ਤੱਕ ਘੱਟ ਕੀਮਤਾਂ ਉੱਤੇ ਸਾਮਾਨ ਵੇਚਣਾ।

ਪਰ ਕੀਮਤ ਦੇ ਚੜ੍ਹਨ ਜਾਂ ਡਿੱਗਣ ਦਾ ਕੀ ਮਤਲਬ ਹੈ; ਵਧੇਰੇ ਕੀਮਤ ਤੇ ਘੱਟ ਕੀਮਤ ਦਾ ਕੀ ਮਤਲਬ ਹੈ ? ਰੇਤ ਦਾ ਇੱਕ ਜ਼ਰਾ ਉੱਚਾ ਹੁੰਦਾ ਹੈ ਜੇ ਖੁਰਦਬੀਨ ਵਿੱਚੋਂ ਦੇਖੋਂ ਤਾਂ, ਤੇ ਮੀਨਾਰ ਨੀਵਾਂ ਹੁੰਦਾ ਹੈ ਜਦੋਂ ਉਸ ਦਾ ਪਹਾੜ ਨਾਲ਼ ਮੁਕਾਬਲਾ ਕੀਤਾ ਜਾਏ। ਤੇ ਜੇ ਮੰਗ ਤੇ ਮੰਗ-ਪੂਰਤੀ ਵਿਚਲਾ ਸਬੰਧ ਕੀਮਤ ਨਿਸ਼ਚਿਤ ਕਰਦਾ ਹੈ ਤਾਂ ਮੰਗ ਤੇ ਮੰਗ-ਪੂਰਤੀ ਵਿਚਲਾ ਸਬੰਧ ਕਿਵੇਂ ਨਿਸ਼ਚਿਤ ਹੁੰਦਾ ਹੈ ?

ਆਓ ਅਸੀਂ ਜਿਹੜਾ ਵੀ ਕੋਈ ਪਹਿਲਾ ਬੁਰਜੂਆ ਮਿਲੇ, ਉਸਤੋਂ ਪੁੱਛੀਏ। ਉਹ ਘੜੀ ਪਲ ਲਈ ਵੀ ਨਹੀਂ ਸੋਚੇਗਾ ਸਗੋਂ, ਇੱਕ ਹੋਰ ਸਿਕੰਦਰ ਮਹਾਨ ਵਾਂਗ, ਇਸ ਗੂੜ੍ਹ-ਗਿਆਨੀ ਗੰਢ ਨੂੰ ਜ਼ਰਬਾਂ ਦੇ ਪਹਾੜੇ ਨਾਲ਼ ਕੱਟ ਦੇਵੇਗਾ। ਜਿਹੜਾ ਸਾਮਾਨ ਮੈਂ ਵੇਚਦਾ ਹਾਂ, ਜੇ ਉਸਦੇ ਉਤਪਾਦਨ ਉੱਤੇ ਮੇਰੇ ਸੌ ਮਾਰਕ ਲੱਗੇ ਹਨ, ਉਹ ਸਾਨੂੰ ਦੱਸੇਗਾ, ਤੇ ਜੇ ਮੈਂ ਇਸ ਸਾਮਾਨ ਦੀ ਵਿਕਰੀ ਤੋਂ 110 ਮਾਰਕ ਪ੍ਰਾਪਤ ਕਰ ਲੈਂਦਾ ਹਾਂ, ਬੇਸ਼ੱਕ ਇੱਕ ਸਾਲ ਵਿੱਚ — ਤਾਂ ਇਹ ਚੰਗਾ, ਈਮਾਨਦਾਰ, ਕਾਨੂੰਨੀ ਮੁਨਾਫਾ ਹੈ। ਪਰ ਜੇ ਮੈਨੂੰ ਇਸ ਦੇ ਬਦਲੇ 120 ਜਾਂ 130 ਮਾਰਕ ਮਿਲ ਜਾਂਦੇ ਹਨ, ਤਾਂ ਇਹ ਬਹੁਤ ਜ਼ਿਆਦਾ ਮੁਨਾਫਾ ਹੈ; ਤੇ ਜੇ ਮੈਨੂੰ 200 ਮਾਰਕ ਮਿਲ ਜਾਂਦੇ ਹਨ ਤਾਂ ਇਹ ਅਸਾਧਾਰਨ, ਅਥਾਹ ਮੁਨਾਫਾ ਹੋਵੇਗਾ। ਇਸ ਲਈ, ਬੁਰਜੂਆ ਲਈ ਮੁਨਾਫੇ ਦੇ **ਮਾਪ** ਦਾ ਕੰਮ ਕਿਹੜੀ ਚੀਜ਼ ਕਰਦੀ ਹੈ ? ਉਸਦੀ ਜਿਣਸ ਦੇ **ਉਤਪਦਾਨ ਦੀ ਲਾਗਤ**। ਜੇ ਇਸ ਜਿਣਸ ਦੇ ਬਦਲੇ ਵਿੱਚ ਉਸ ਨੂੰ ਦੂਜੀਆਂ ਜਿਣਸਾਂ ਦੀ ਏਨੀ ਮਾਤਰਾ ਮਿਲਦੀ ਹੈ, ਜਿਨ੍ਹਾਂ ਨੂੰ ਪੈਦਾ ਕਰਨ ਉੱਤੇ ਘੱਟ ਲਾਗਤ ਆਈ ਹੈ, ਤਾਂ ਉਹ ਘਾਟੇ ਵਿੱਚ ਰਿਹਾ ਹੈ। ਜੇ ਉਸ ਨੂੰ ਆਪਣੀ ਜਿਣਸ ਦੇ ਬਦਲੇ ਵਿੱਚ ਦੂਜੀਆਂ ਜਿਣਸਾਂ ਦੀ ਏਨੀ ਮਾਤਰਾ ਮਿਲਦੀ ਹੈ ਜਿਨ੍ਹਾਂ ਨੂੰ ਪੈਦਾ ਕਰਨ ਉੱਤੇ ਵਧੇਰੇ ਲਾਗਤ ਆਈ ਹੈ, ਤਾਂ ਉਹ ਨਫੇ ਵਿੱਚ ਰਿਹਾ ਹੈ। ਤੇ ਉਹ ਮੁਨਾਫੇ ਦੇ ਵਧਣ ਜਾਂ ਘੱਟਣ ਦਾ ਹਿਸਾਬ ਉਸ ਮਾਤਰਾ ਅਨੁਸਾਰ ਲਾਉਂਦਾ ਹੈ ਜਿਸ ਮਾਤਰਾ ਵਿੱਚ ਕਿ ਇਸ ਜਿਣਸ ਦੀ ਵਟਾਂਦਰਾ ਕਦਰ ਜ਼ੀਰੋ — **ਉਤਪਾਦਨ ਦੀ ਲਾਗਤ**— ਤੋਂ ਉਪਰ ਜਾਂ ਹੇਠਾਂ ਹੁੰਦੀ ਹੈ।

ਸੋ ਅਸੀਂ ਦੇਖਿਆ ਹੈ ਕਿ ਮੰਗ ਤੇ ਮੰਗ-ਪੂਰਤੀ ਦਾ ਬਦਲਦਾ ਸਬੰਧ ਕਦੀ ਕੀਮਤਾਂ ਵਿੱਚ ਤੇਜ਼ੀ ਤੇ ਕਦੀ ਮੰਦਾ ਲੈ ਆਉਂਦਾ ਹੈ, ਕਦੀ ਕੀਮਤਾਂ ਵਧਾ ਦਿੰਦਾ ਹੈ, ਕਦੀ ਘਟਾ ਦਿੰਦਾ ਹੈ। ਜੇ ਨਾਕਾਫ਼ੀ ਮੰਗ-ਪੂਰਤੀ ਕਰਕੇ ਜਾਂ ਮੰਗ ਵਿੱਚ ਬੇਹਿਸਾਬੇ ਵਾਧੇ ਕਰਕੇ ਜਿਣਸ

ਦੀ ਕੀਮਤ ਬਹੁਤ ਜ਼ਿਆਦਾ ਵੱਧ ਜਾਂਦੀ ਹੈ, ਤਾਂ ਕਿਸੇ ਹੋਰ ਜਿਣਸ ਦੀ ਕੀਮਤ ਉਸੇ ਹਿਸਾਬ ਨਾਲ਼ ਜ਼ਰੂਰ ਡਿੱਗੀ ਹੋਵੇਗੀ, ਕਿਉਂਕਿ ਜਿਣਸ ਦੀ ਕੀਮਤ ਉਸ ਨਿਸਬਤ ਨੂੰ ਪੈਸਿਆਂ ਵਿੱਚ ਪ੍ਰਗਟ ਕਰਦੀ ਹੈ ਜਿਸ ਨਿਸਬਤ ਵਿੱਚ ਦੂਜੀਆਂ ਜਿਣਸਾਂ ਇਸ ਦੇ ਵੱਟੇ ਵਿੱਚ ਦਿੱਤੀਆਂ ਜਾਂਦੀਆਂ ਹਨ। ਜੇ, ਉਦਾਹਰਣ ਵਜੋਂ, ਰੇਸ਼ਮੀ ਕੱਪੜੇ ਦੇ ਇੱਕ ਗਜ਼ ਦੀ ਕੀਮਤ ਪੰਜ ਮਾਰਕ ਤੋਂ ਵੱਧਕੇ ਛੇ ਮਾਰਕ ਹੋ ਜਾਂਦੀ ਹੈ, ਤਾਂ ਰੇਸ਼ਮੀ ਕੱਪੜੇ ਦੇ ਸਬੰਧ ਵਿੱਚ ਚਾਂਦੀ ਦੀ ਕੀਮਤ ਘੱਟ ਗਈ ਹੈ ਤੇ ਇਸ ਤਰ੍ਹਾਂ ਸਾਰੀਆਂ ਦੂਜੀਆਂ ਜਿਣਸਾਂ ਦੀਆਂ ਕੀਮਤਾਂ, ਜਿਹੜੀਆਂ ਆਪਣੀਆਂ ਪੁਰਾਣੀਆਂ ਕੀਮਤਾਂ ਦੀ ਪੱਧਰ ਉੱਤੇ ਹੀ ਰਹੀਆਂ ਹਨ, ਰੇਸ਼ਮ ਦੇ ਸਬੰਧ ਵਿੱਚ ਡਿੱਗ ਪਈਆਂ ਹਨ। ਰੇਸ਼ਮੀ ਕੱਪੜੇ ਦੀ ਉਸੇ ਹੀ ਮਾਤਰਾ ਨੂੰ ਲੈਣ ਲਈ ਬਦਲੇ ਵਿੱਚ ਬੰਦੇ ਨੂੰ ਉਹਨਾਂ ਦੀ ਵਧੇਰੇ ਮਾਤਰਾ ਦੇਣੀ ਪੈਂਦੀ ਹੈ। ਕਿਸੇ ਜਿਣਸ ਦੀ ਵੱਧਦੀ ਕੀਮਤ ਦਾ ਸਿੱਟਾ ਕੀ ਹੋਵੇਗਾ ? ਸਨਅਤ ਦੀ ਇਸ ਵੱਧ-ਫੁਲ ਰਹੀ ਸ਼ਾਖ ਵਿੱਚ ਬਹੁਤ ਸਾਰਾ ਸਰਮਾਇਆ ਸੁੱਟਿਆ ਜਾਇਗਾ, ਤੇ ਇਸ ਵਧੇਰੇ ਲਾਹੇਵੰਦੀ ਸਨਅਤ ਦੀ ਸ਼ਾਖ ਵਿੱਚ ਸਰਮਾਏ ਦਾ ਇਹ ਆਉਣਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਇਹ ਸਾਧਾਰਨ ਮੁਨਾਫੇ ਨਹੀਂ ਦੇਣ ਲੱਗ ਪੈਂਦੀ, ਜਾਂ ਸਗੋਂ, ਜਦੋਂ ਤੱਕ ਇਸ ਦੀਆਂ ਉਪਜਾਂ ਦੀ ਕੀਮਤ, ਬਹੁ-ਉਤਪਦਾਨ ਰਾਹੀਂ, ਉਤਪਾਦਨ ਦੀ ਲਾਗਤ ਤੋਂ ਹੇਠਾਂ ਨਹੀਂ ਚਲੀ ਜਾਂਦੀ।

ਇਸ ਦੇ ਉਲਟ, ਜੇ ਕਿਸੇ ਜਮਸ ਦੀ ਕੀਮਤ ਇਸ ਦੀ ਉਤਪਾਦਨ ਦੀ ਲਾਗਤ ਤੋਂ ਹੇਠਾਂ ਚਲੀ ਜਾਂਦੀ ਹੈ, ਤਾਂ ਇਸ ਜਿਣਸ ਦੇ ਉਤਪਾਦਨ ਵਿੱਚੋਂ ਸਰਮਾਇਆ ਕੱਢ ਲਿਆ ਜਾਇਆ। ਸਨਅਤ ਦੀ_ਸ ਸ਼ਾਖ ਨੂੰ ਛੱਡ ਕੇ, ਜਿਹੜੀ ਸਮਾਂ ਵਿਹਾਅ ਚੁੱਕੀ ਹੈ ਤੇ, ਇਸ ਲਈ, ਜਿਸ ਦਾ ਖਤਮ ਹੋਣਾ ਲਾਜ਼ਮੀ ਹੈ, ਇਹੋ ਜਿਹੀ ਜਿਣਸ ਦਾ ਉਤਪਾਦਨ, ਭਾਵ, ਇਸ ਦੀ ਮੰਗ-ਪੂਰਤੀ, ਸਰਮਾਏ ਦੇ ਇਸ ਨਿਕਲਣ ਦੇ ਸਿੱਟੇ ਵਜੋਂ ਘੱਟਦੀ ਜਾਇਗੀ, ਜਦੋਂ ਤੱਕ ਕਿ ਇਹ ਮੰਗ ਦੇ ਮੁਤਾਬਕ ਨਹੀਂ ਹੋ ਜਾਂਦੀ, ਤੇ ਇਸ ਦੇ ਸਿੱਟੇ ਵਜੋਂ ਇਸ ਦੀ ਕੀਮਤ ਮੁੜਕੇ ਇਸ ਦੇ ਉਤਪਾਦਨ ਦੀ ਲਾਗਤ ਦੀ ਪੱਧਰ ਉੱਤੇ ਨਹੀਂ ਆ ਜਾਂਦੀ, ਜਾਂ ਸਗੋਂ, ਜਦੋਂ ਤੱਕ ਇਸ ਦੀ ਕੀਮਤ ਇਸ ਦੇ ਉਤਪਾਦਨ ਦੀ ਲਾਗਤ ਤੋਂ ਮੁੜ ਕੇ ਨਹੀਂ ਵੱਧ ਜਾਂਦੀ, ਕਿਉਂਕਿ **ਕਿਸੇ ਜਿਣਸ ਦੀ ਚਾਲੂ ਕੀਮਤ ਹਮੇਸ਼ਾਂ ਹੀ ਇਸ ਦੇ ਉਤਪਾਦਨ ਦੀ ਲਾਗਤ ਤੋਂ ਜਾਂ ਉਪਰ ਹੁੰਦੀ ਹੈ ਜਾਂ ਹੇਠਾਂ ਹੁੰਦੀ ਹੈ।**

ਅਸੀਂ ਦੇਖਦੇ ਹਾਂ ਕਿ ਸਰਮਾਇਆ ਕਿਵੇਂ ਲਗਾਤਾਰ ਨਿਕਲਦਾ ਤੇ ਆਉਂਦਾ ਰਹਿੰਦਾ ਹੈ, ਇੱਕ ਸਨਅਤ ਦੇਹਲਕੇ ਵਿੱਚੋਂ ਨਿਕਲਦਾ ਤੇ ਦੂਜੀ ਦੇ ਹਲਕੇ ਵਿੱਚ ਆਉਂਦਾ ਰਹਿੰਦਾ ਹੈ। ਵਧੀਆਂ ਕੀਮਤਾਂ ਬਹੁਤ ਜ਼ਿਆਦਾ ਸਰਮਾਇਆ ਖਿੱਚਦੀਆਂ ਹਨ ਤੇ ਘਟੀਆਂ ਕੀਮਤਾਂ ਨਾਲ਼ ਬਹੁਤ ਸਾਰਾ ਸਰਮਾਇਆ ਨਿਕਲ ਜਾਂਦਾ ਹੈ।

ਅਸੀਂ ਇੱਕ ਹੋਰ ਦ੍ਰਿਸ਼ਟੀਕੋਣ ਤੋਂ ਦਰਸਾ ਸਕਦੇ ਸਾਂ ਕਿ ਨਾ ਸਿਰਫ਼ ਮੰਗ-ਪੂਰਤੀ, ਸਗੋਂ ਮੰਗ ਵੀ ਉਤਪਾਦਨ ਦੀ ਲਾਗਤ ਨਾਲ਼ ਨਿਸ਼ਚਿਤ ਹੁੰਦੀ ਹੈ। ਪਰ ਇਹ ਚੀਜ਼ ਸਾਨੂੰ ਸਾਡੇ ਵਿਸ਼ੇ ਤੋਂ ਬਹੁਤ ਦੂਰ ਲੈ ਜਾਇਗੀ।

ਅਸੀਂ ਹੁਣੇ ਹੁਣੇ ਦੇਖਿਆ ਹੈ ਕਿ ਕਿਵੇਂ ਮੰਗ-ਪੂਰਤੀ ਤੇ ਮੰਗ ਦਾ ਵਧਾਅ-ਚੜ੍ਹਾ

ਕਿਸੇ ਜਿਣਸ ਦੀ ਕੀਮਤ ਨੂੰ ਵਾਪਸ ਉਤਪਾਦਨ ਦੀ ਲਾਗਤ ਉੱਤੇ ਲੈ ਆਉਂਦਾ ਹੈ। **ਇਹ ਠੀਕ ਹੈ ਕਿ ਕਿਸੇ ਜਿਣਸ ਦੀ ਅਸਲੀ ਕੀਮਤ ਹਮੇਸ਼ਾ ਹੀ ਇਸ ਦੇ ਉਤਪਾਦਨ ਦੀ ਲਾਗਤ ਨਾਲ਼ੋਂ ਵੱਧ ਜਾਂ ਘੱਟ ਹੁੰਦੀ ਹੈ; ਪਰ ਵਾਧਾ ਤੇ ਘਾਟਾ ਇੱਕ ਦੂਜੇ ਨੂੰ ਇਸ ਤਰ੍ਹਾਂ ਨਾਲ਼ ਪ੍ਰਸਪਰ ਤੌਰ ’ਤੇ ਬਰਾਬਰ ਕਰਦੇ ਰਹਿੰਦੇ ਹਨ**, ਕਿ ਇੱਕ ਖਾਸ ਸਮੇਂ ਦੇ ਅੰਦਰ ਅੰਦਰ, ਸਨਅਤ ਦੀ ਤੇਜ਼ੀ ਨੂੰ ਇਕੱਠਿਆਂ ਲਿਆਂ, ਸਨਅਤਾਂ ਆਪਣੇ ਉਤਪਾਦਨ ਦੀ ਲਾਗਤ ਦੇ ਹਿਸਾਬ ਨਾਲ਼ ਇੱਕ ਦੂਜੀ ਨਾਲ਼ ਵਟਾਈਆਂ ਜਾਂਦੀਆਂ ਹਨ, ਜਿਸ ਲਈ ਉਹਨਾਂ ਦੀ ਕੀਮਤ ਉਹਨਾਂ ਦੇ ਉਤਪਾਦਨ ਦੀ ਲਾਗਤ ਨਾਲ਼ ਨਿਸ਼ਚਿਤ ਹੁੰਦੀ ਹੈ।

ਉਤਪਾਦਨ ਦੀ ਲਾਗਤ ਨਾਲ਼ ਕੀਮਤ ਦੇ ਇਸ ਨਿਸ਼ਚਿਤ ਹੋਣ ਨੂੰ ਅਰਥ-ਵਿਗਿਆਨੀਆਂ ਦੇ ਅਰਥਾਂ ਵਿੱਚ ਨਹੀਂ ਸਮਝਿਆ ਜਾਣਾ ਚਾਹੀਦਾ। ਅਰਥ-ਵਿਗਿਆਨੀ ਕਹਿੰਦੇ ਹਨ ਕਿ ਜਿਣਸਾਂ ਦੀ **ਔਸਤ ਕੀਮਤ** ਉਤਪਾਦਨ ਦੀ ਲਾਗਤ ਦੇ ਬਰਾਬਰ ਹੁੰਦੀ ਹੈ; ਕਿ ਇਹ **ਕਾਨੂੰਨ** ਹੈ। ਅਰਾਜਕੀ ਜਿਹੀ ਗਤੀ ਨੂੰ, ਜਿਸ ਵਿੱਚ ਤੇਜ਼ੀ ਨੂੰ ਮੰਦਾ ਪੂਰਦਾ ਹੈ ਤੇ ਮੰਦੇ ਨੂੰ ਤੇਜ਼ੀ, ਉਹ ਇੱਕ ਸਬੱਬ ਮੰਨਦੇ ਹਨ। ਬਿਲਕੁੱਲ ਇੰਨੇ ਹੀ ਹੱਕ ਨਾਲ਼ ਕੋਈ ਵਧਾਅ-ਚੜ੍ਹਾਅ ਨੂੰ ਕਾਨੂੰਨ ਮੰਨ ਸਕਦਾ ਹੈ ਤੇ ਉਤਪਾਦਨ ਦੀ ਲਾਗਤ ਨਾਲ਼ ਕੀਮਤ ਦੇ ਨਿਸ਼ਚਿਤ ਹੋਣ ਨੂੰ ਇੱਕ ਸਬੱਬ, ਜਿਵੇਂ ਕਿ ਅਸਲ ਵਿੱਚ ਦੂਜੇ ਅਰਥ-ਵਿਗਿਆਨੀ ਕਰਦੇ ਹਨ। ਪਰ ਇਹ ਵਧਾਅ-ਚੜ੍ਹਾਅ ਹੀ ਹਨ ਜਿਹੜੇ, ਜੇ ਉਹਨਾਂ ਨੂੰ ਵਧੇਰੇ ਗਹੁ ਨਾਲ਼ ਦੇਖਿਆ ਜਾਏ ਤਾਂ, ਆਪਣੇ ਨਾਲ਼ ਅਤਿ ਦੀਆਂ ਭਿਆਣਕ ਤਬਾਹੀਆਂ ਲੈ ਕੇ ਆਉਂਦੇ ਹਨ ਤੇ ਭੁਚਾਲਾਂ ਵਾਂਗ, ਬੁਰਜੂਆ ਸਮਾਜ ਨੂੰ ਇਸ ਦੀਆਂ ਨੀਹਾਂ ਤੋਂ ਕੰਬਾ ਦਿੰਦੇ ਹਨ — ਇਹਨਾਂ ਵਧਾਵਾਂ-ਚੜ੍ਹਾਵਾਂ ਦੇ ਦੌਰਾਨ ਹੀ ਕੀਮਤਾਂ ਉਤਪਾਦਨ ਦੀ ਲਾਗਤ ਨਾਲ਼ ਨਿਸ਼ਚਿਤ ਹੁੰਦੀਆਂ ਹਨ। ਇਸ ਬੇਤਰਤੀਬੀ ਦੀ ਕੁੱਲ ਗਤੀ ਇਸ ਦੀ ਤਰਤੀਬ ਹੈ। ਇਸ ਸਨਅਤੀ ਅਰਾਜਕਤਾ ਦੇ ਦੌਰਾਨ, ਚੱਕਰ ਵਿੱਚ ਇਸ ਗਤੀ ਦੇ ਦੌਰਾਨ, ਮੁਕਾਬਲਾ ਇੱਕ ਜ਼ਿਆਦਤੀ ਨੂੰ ਦੂਜੀ ਜ਼ਿਆਦਤੀ ਨਾਲ਼, ਇੱਕ ਤਰ੍ਹਾਂ ਨਾਲ਼, ਪੂਰਦਾ ਹੈ।

ਇਸ ਲਈ, ਅਸੀਂ ਦੇਖਦੇ ਹਾਂ ਕਿ ਕਿਸੇ ਜਿਣਸ ਦੀ ਕੀਮਤ ਇਸ ਦੇ ਉਤਪਾਦਨ ਦੀ ਲਾਗਤ ਨਾਲ਼ ਇਸ ਢੰਗ ਨਾਲ਼ ਨਿਸ਼ਚਿਤ ਹੁੰਦੀ ਹੈ ਕਿ ਉਹ ਦੌਰ ਜਿਨ੍ਹਾਂ ਵਿੱਚ ਇਸ ਜਿਣਸ ਦੀ ਕੀਮਤ ਇਸ ਦੇ ਉਤਪਾਦਨ ਦੀ ਲਾਗਤ ਨਾਲ਼ੋਂ ਵੱਧ ਹੁੰਦੀ ਹੈ, ਉਹਨਾਂ ਦੌਰਾਂ ਨਾਲ਼ ਪੂਰੇ ਜਾਂਦੇ ਹਨ, ਜਿਨ੍ਹਾਂ ਵਿੱਚ ਇਹ ਉਤਪਾਦਨ ਦੀ ਲਾਗਤ ਨਾਲ਼ੋਂ ਹੇਠਾਂ ਚਲੀ ਜਾਂਦੀ ਹੈ, ਤੇ ਇਸੇ ਤਰ੍ਹਾਂ ਹੀ ਉਲਟੇ ਰੱਖ ਵੀ ਹੁੰਦਾ ਹੈ। ਬੇਸ਼ੱਕ ਇਹ ਗੱਲ ਵੱਖਰੀਆਂ, ਖਾਸ ਸਨਅਤੀ ਉਪਜ ਦੇ ਸਬੰਧ ਵਿੱਚ ਠੀਕ ਨਹੀਂ ਬੈਠਦੀ ਸਗੋਂ ਸਿਰਫ਼ ਸਨਅਤ ਦੀ ਪੂਰੀ ਸ਼ਾਖ ਲਈ ਠੀਕ ਬੈਠਦੀ ਹੈ। ਇਸ ਦੇ ਸਿੱਟੇ ਵਜੋਂ, ਇਹ ਵਿਅਕਤੀਗਤ ਸਨਅਤਕਾਰਾਂ ਲਈ ਵੀ ਠੀਕ ਨਹੀਂ ਬੈਠਦੀ ਸਗੋਂ ਸਨਅਤਕਾਰਾਂ ਦੀ ਸਾਰੀ ਜਮਾਤ ਲਈ ਹੀ ਸਿਰਫ਼ ਠੀਕ ਬੈਠਦੀ ਹੈ।

ਉਤਪਾਦਨ ਦੀ ਲਾਗਤ ਨਾਲ ਕੀਮਤ ਦਾ ਨਿਸ਼ਚਿਤ ਹੋਣਾ ਕਿਸੇ ਜਿਣਸ ਨੂੰ ਤਿਆਰ ਕਰਨ ਲਈ ਲੁੜੀਂਦੇ ਕਿਰਤ ਸਮੇਂ ਨਾਲ਼ ਕੀਮਤ ਨਿਸ਼ਚਿਤ ਕਰਨ ਦੇ ਬਰਾਬਰ ਹੈ, ਕਿਉਂਕਿ ਉਤਪਾਦਨ ਦੀ ਲਾਗਤ ਵਿੱਚ ਇਹ ਕੁੱਝ ਹੁੰਦਾ ਹੈ: (1) ਕੱਚਾ ਮਾਲ ਤੇ ਔਜ਼ਾਰ ਦੀ

ਟੁੱਟ-ਭੱਜ, ਭਾਵ, ਸਨਅਤੀ ਉਪਜਾਂ ਜਿਨ੍ਹਾਂ ਦੇ ਉਤਪਾਦਨ ਉੱਤੇ ਕਿਰਤ ਦਿਹਾੜੀਆਂ ਦੀ ਖਾਸ ਗਿਣਤੀ ਲਗੀ ਹੋਈ ਹੈ ਤੇ, ਇਸ ਲਈ, ਜਿਹੜੀਆਂ ਕਿਰਤ ਸਮੇਂ ਦੀ ਖਾਸ ਮਾਤਰਾ ਦੀ ਪ੍ਰਤੀਨਿਧਤਾ ਕਰਦੀਆਂ ਹਨ, ਤੇ (2) ਸਿੱਧੀ ਕਿਰਤ, ਜਿਸ ਦਾ ਮਾਪ ਬਿਲਕੁੱਲ ਸਮਾਂ ਹੀ ਹੈ।

ਹੁਣ, ਉਹੀ ਆਮ ਕਾਨੂੰਨ ਜਿਹੜੇ ਆਮ ਕਰਕੇ ਜਿਣਸਾਂ ਦੀ ਕੀਮਤ ਨੂੰ ਨਿਯਮਿਤ ਕਰਦੇ ਹਨ, ਬੇਸ਼ੱਕ, **ਕਿਰਤ ਦੀ ਕੀਮਤ**, **ਉਜਰਤ**, ਨੂੰ ਵੀ ਨਿਯਮਿਤ ਕਰਦੇ ਹਨ।

ਉਜਰਰਤਾਂ ਮੰਗ ਤੇ ਮੰਗ-ਪੂਰਤੀ ਵਿਚਲੇ ਸਬੰਧ ਅਨੁਸਾਰ, ਕਿਰਤ ਸ਼ਕਤੀ ਦੇ ਖਰੀਦਦਾਰਾਂ, ਸਰਮਾਏਦਾਰਾਂ ਤੇ ਕਿਰਤ ਸ਼ਕਤੀ ਵੇਚਣ ਵਾਲ਼ਿਆਂ ਮਜ਼ਦੂਰਾਂ ਵਿਚਕਾਰ ਮੁਕਾਬਲੇ ਵੱਲੋਂ ਕੱਟੇ ਗਏ ਮੋੜ ਅਨੁਸਾਰ ਵੱਧਣ ਤੇ ਘਟਣਗੀਆਂ। ਉਜਰਤਾਂ ਵਿਚਲਾ ਵਧਾਅ-ਚੜ੍ਹਾਅ ਆਮ ਕਰਕੇ ਜਿਣਸਾਂ ਦੀਆਂ ਕੀਮਤਾਂ ਵਿਚਲੇ ਵਧਾਅ-ਚੜ੍ਹਾਅ ਨਾਲ਼ ਮੇਲ ਖਾਂਦਾ ਹੈ। **ਪਰ ਇਹਨਾਂ ਵਧਾਵਾਂ-ਚੜ੍ਹਾਵਾਂ ਦੇ ਅੰਦਰ ਅੰਦਰ ਕਿਰਤ ਦੀ ਕੀਮਤ ਨੂੰ ਉਤਪਾਦਨ ਦੀ ਲਾਗਤ, ਇਸ ਜਿਣਸ—ਕਿਰਤ ਸ਼ਕਤੀ— ਨੂੰ ਪੈਦਾ ਕਰਨ ਲਈ ਲੁੜੀਂਦਾ ਕਿਰਤ ਸਮਾਂ ਨਿਸ਼ਚਿਤ ਕਰੇਗਾ।**

**ਤਾਂ ਫਿਰ, ਕਿਰਤ ਸ਼ਕਤੀ ਦੇ ਉਤਪਾਦਨ ਦੀ ਲਾਗਤ ਕੀ ਹੈ ?**

**ਇਹ ਹੈ ਮਜ਼ਦੂਰ ਨੂੰ ਮਜ਼ਦੂਰ ਵਜੋਂ ਕਾਇਮ ਰੱਖਣ ਲਈ ਤੇ ਉਸ ਨੂੰ ਵਿਕਸਿਤ ਕਰ ਕੇ ਮਜ਼ਦੂਰ ਬਣਾਉਣ ਲਈ ਲੁੜੀਂਦੀ ਲਾਗਤ।**

ਇਸ ਲਈ, ਕਿਸੇ ਕੰਮ ਲਈ ਲੁੜੀਂਦੀ ਸਿਖਲਾਈ ਦਾ ਸਮਾਂ ਜਿੰਨਾਂ ਘੱਟ ਹੋਵੇਗਾ, ਮਜ਼ਦੂਰ ਦੇ ਉਤਪਾਦਨ ਦੀ ਲਾਗਤ ਓਨੀ ਹੀ ਘੱਟ ਹੋਵੇਗੀ ਤੇ ਉਸ ਦੀ ਕਿਰਤ ਦੀ ਕੀਮਤ, ਉਸ ਦੀ ਉਜਰਤ, ਓਨੀ ਹੀ ਘੱਟ ਹੋਵੇਗੀ। ਸਨਅਤ ਦੀਆਂ ਉਹਨਾਂ ਸ਼ਾਖਾਂ ਵਿੱਚ ਜਿਨ੍ਹਾਂ ਵਿੱਚ ਸ਼ਾਗਿਰਦੀ ਦੇ ਕਿਸੇ ਸਮੇਂ ਦੀ ਲੋੜ ਨਹੀਂ ਹੁੰਦੀ ਤੇ ਜਿੱਥੇ ਮਜ਼ਦੂਰ ਦੀ ਸ਼ਰੀਰਕ ਤੌਰ 'ਤੇ ਮੌਜੂਦਗੀ ਹੀ ਸਿਰਫ਼ ਕਾਫ਼ੀ ਹੁੰਦੀ ਹੈ, ਉੱਥੇ ਉਸ ਦੇ ਉਤਪਾਦਨ ਲਈ ਲੁੜੀਂਦੀ ਲਾਗਤ ਲਗਭਗ ਉਹਨਾਂ ਜਿਣਸਾਂ ਤੱਕ ਸੀਮਤ ਹੁੰਦੀ ਹੈ ਜਿਹੜੀਆਂ ਉਸ ਨੂੰ ਜੀਊਂਦਾ ਰੱਖਣ ਲਈ ਤੇ ਕੰਮ ਕਰਨ ਦੇ ਸਮਰੱਥ ਬਣਾਉਣ ਲਈ ਜ਼ਰੂਰੀ ਹੁੰਦੀਆਂ ਹਨ। ਇਸ ਲਈ, **ਕਿਰਤ ਦੀ ਕੀਮਤ ਰੋਜ਼ੀ ਦੇ ਲੁੜੀਂਦੀ ਸਾਧਨਾਂ ਦੀ ਕੀਮਤ ਨਾਲ਼** ਨਿਸ਼ਚਿਤ ਹੁੰਦੀ ਹੈ।

ਪਰ ਇੱਕ ਹੋਰ ਗੱਲ ਵੀ ਇੱਥੇ ਧਿਆਨ ਵਿੱਚ ਆ ਜਾਂਦੀ ਹੈ।

ਕਾਰਖਾਨੇਦਾਰ ਆਪਣੇ ਉਤਪਾਦਨ ਦੀ ਲਾਗਤ ਦਾ ਤੇ ਇਸ ਦੇ ਅਨੁਸਾਰ, ਉਪਜਾਂ ਦੀ ਕੀਮਤ ਦਾ ਹਿਸਾਬ ਲਾਉਣ ਲਗਿਆ ਕਿਰਤ ਦੇ ਸੰਦਾਂ ਦੀ ਟੁੱਟ-ਭੱਜ ਨੂੰ ਵੀ ਧਿਆਨ ਵਿੱਚ ਰੱਖਦਾ ਹੈ। ਜੇ, ਉਦਾਹਰਣ ਵਜੋਂ, ਇੱਕ ਮਸ਼ੀਨ ਉੱਤੇ ਇੱਕ ਹਜ਼ਾਰ ਮਾਰਕ ਲੱਗੇ ਹਨ ਤੇ ਇਹ ਦਸ ਸਾਲਾਂ ਵਿੱਚ ਨਾਕਾਰਾ ਹੋ ਜਾਂਦੀ ਹੈ, ਤਾਂ ਉਹ ਜਿਣਸਾਂ ਦੀ ਕੀਮਤ ਵਿੱਚ ਸੌ ਮਾਰਕ ਸਾਲਾਨਾ ਜਮ੍ਹਾਂ ਕਰ ਲਵੇਗਾ, ਤਾਂ ਕਿ ਦਸ ਸਾਲਾਂ ਦੇ ਅਖੀਰ ਉੱਤੇ ਨਾਕਾਰਾ ਹੋ ਚੁੱਕੀ ਮਸ਼ੀਨ ਦੀ ਥਾਂ ਨਵੀਂ ਮਸ਼ੀਨ ਨੂੰ ਦੇ ਸਕੇ। ਇਸੇ ਤਰ੍ਹਾਂ, ਸਾਧਾਰਨ ਕਿਰਤ ਸ਼ਕਤੀ ਦੇ ਉਤਪਾਦਨ ਦੀ ਲਾਗਤ ਦਾ ਹਿਸਾਬ ਲਾਉਣ ਲਗਿਆਂ, ਇਸ ਵਿੱਚ ਸੰਤਾਨ ਉਤਪਤੀ ਦੀ

ਲਾਗਤ ਨੂੰ ਵੀ ਸ਼ਾਮਲ ਕਰ ਲੈਣਾ ਚਾਹੀਦਾ ਹੈ, ਤਾਂ ਕਿ ਮਜ਼ਦੂਰਾਂ ਦੀ ਨਸਲ ਨੂੰ ਵਧਣ ਦੇ ਯੋਗ ਬਣਾਇਆ ਜਾਏ ਤੇ ਨਾਕਾਰਾ ਹੋ ਚੁੱਕੇ ਮਜ਼ਦੂਰਾਂ ਦੀ ਥਾਂ ਨਵੇਂ ਮਜ਼ਦੂਰਾਂ ਨੂੰ ਲਾਇਆ ਜਾ ਸਕੇ। ਸੋ ਮਜ਼ਦੂਰ ਦੀ ਟੁੱਟ-ਭੱਜ ਨੂੰ ਵੀ ਉਸੇ ਤਰ੍ਹਾਂ ਧਿਆਨ ਵਿੱਚ ਰੱਖਿਆ ਜਾਂਦਾ ਹੈ ਜਿਸ ਤਰ੍ਹਾਂ ਮਸ਼ੀਨ ਦੀ ਟੁੱਟ-ਭੱਜ ਨੂੰ।

ਇਸ ਲਈ, ਸਾਧਾਰਨ ਕਿਰਤ ਸ਼ਕਤੀ ਦੇ ਉਤਪਾਦਨ ਦੀ ਲਾਗਤ **ਮਜ਼ਦੂਰ ਦੇ ਜੀਊਂਦੇ ਰਹਿਣ ਤੇ ਸੰਤਾਨ ਉਤਪਤੀ ਦੀ ਲਾਗਤ** ਬਣਦੀ ਹੈ। ਜੀਊਂਦੇ ਰਹਿਣ ਤੇ ਸੰਤਾਨ ਉਤਪਤੀ ਦੀ ਇਸ ਲਾਗਤ ਦੀ ਕੀਮਤ ਉਜਰਤ ਹੈ। ਇਸੇ ਤਰ੍ਹਾਂ ਨਿਸ਼ਚਿਤ ਕੀਤੀ ਗਈ ਉਜਰਤ ਨੂੰ **ਘੱਟੋ-ਘੱਟ ਉਜਰਤ** ਕਿਹਾ ਜਾਂਦਾ ਹੈ। ਇਹ ਘੱਟੋ-ਘੱਟ ਉਜਰਤ, ਆਮ ਕਰਕੇ ਉਤਪਾਦਨ ਦੀ ਲਾਗਤ ਨਾਲ਼ ਜਿਣਸਾਂ ਦੀ ਕੀਮਤ ਨਿਸ਼ਚਿਤ ਕਰਨ ਵਾਂਗ, **ਇੱਕ ਵਿਅਕਤੀ** ਲਈ ਨਹੀਂ ਸਗੋਂ ਸਾਰੀ **ਜਮਾਤ** ਲਈ ਠੀਕ ਬੈਠਦੀ ਹੈ। ਵਿਅਕਤੀਗਤ ਮਜ਼ਦੂਰ, ਲੱਖਾਂ ਮਜ਼ਦੂਰਾਂ ਨੂੰ ਜੀਊਂਦੇ ਰਹਿਣ ਤੇ ਆਪਣੀ ਸੰਤਾਨ ਉਤਪਤੀ ਦੇ ਸਮਰੱਥ ਹੋਣ ਲਈ ਕਾਫ਼ੀ ਨਹੀਂ ਮਿਲਦਾ; **ਪਰ ਸਾਰੀ ਮਜ਼ਦੂਰ ਜਮਾਤ ਦੀਆਂ ਉਜਰਤਾਂ**, ਉਹਨਾਂ ਦੇ ਵਧਾਅ-ਚੜ੍ਹਾਅ ਦੇ ਅੰਦਰ ਅੰਦਰ, ਇਸ ਘੱਟੋ-ਘੱਟ ਪੱਧਰ ਦੇ ਬਰਾਬਰ ਹੁੰਦੀਆਂ ਹਨ।

ਹੁਣ ਜਦ ਕਿ ਅਸੀਂ ਉਹਨਾਂ ਸਭ ਤੋਂ ਵੱਧ ਆਮ ਕਾਨੂੰਨਾਂ ਨੂੰ ਸਮਝ ਲਿਆ ਹੈ, ਜਿਹੜੇ ਕਾਨੂੰਨ ਕਿਸੇ ਵੀ ਦੂਜੀ ਜਿਣਸ ਦੀ ਕੀਮਤ ਵਾਂਗ ਉਜਰਤਾਂ ਨੂੰ ਨਿਯਮਿਤ ਕਰਦੇ ਹਨ, ਤਾਂ ਅਸੀਂ ਆਪਣੇ ਵਿਸ਼ੇ ਨੂੰ ਵਧੇਰੇ ਵਿਸ਼ੇਸ਼ ਢੰਗ ਨਾਲ਼ ਲੈ ਸਕਦੇ ਹਾਂ।

ਸਰਮਾਏ ਵਿੱਚ ਕੱਚਾ ਮਾਲ, ਕਿਰਤ ਦੇ ਸੰਦ ਤੇ ਹਰ ਤਰ੍ਹਾਂ ਦੇ ਰੋਜ਼ੀ ਦੇ ਸਾਧਨ ਸ਼ਾਮਲ ਹਨ, ਜਿਨ੍ਹਾਂ ਨੂੰ ਨਵਾਂ ਕੱਚਾ ਮਾਲ, ਕਿਰਤ ਦੇ ਨਵੇਂ ਸੰਦ ਤੇ ਰੋਜ਼ੀ ਦੇ ਨਵੇਂ ਸਾਧਨ ਪੈਦਾ ਕਰਨ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਸਰਮਾਏ ਦੇ ਇਹ ਸਾਰੇ ਬਣਤਰੀ ਅੰਗ ਕਿਰਤ ਦੀ ਪੈਦਾਵਾਰ, ਕਿਰਤ ਦੀਆਂ ਉਪਜਾਂ, **ਇੱਕਤ੍ਰਿਤ ਹੋਈ ਕਿਰਤ** ਹਨ। ਇੱਕਤ੍ਰਿਤ ਹੋਈ ਕਿਰਤ, ਜਿਹੜੀ ਨਵੇਂ ਉਤਪਾਦਨ ਦੇ ਸਾਧਨ ਦਾ ਕੰਮ ਦਿੰਦੀ ਹੈ, ਸਰਮਾਇਆ ਹੈ।

ਅਰਥ-ਵਿਗਿਆਨੀ ਇੰਝ ਕਹਿੰਦੇ ਹਨ।

ਨੀਗਰੋ ਗੁਲਾਮ ਕੀ ਚੀਜ਼ ਹੈ? ਕਾਲੀ ਨਸਲ ਦਾ ਇੱਕ ਆਦਮੀ। ਇੱਕ ਵਿਆਖਿਆ ਦੂਜੀ ਜਿੰਨੀ ਹੀ ਠੀਕ ਹੈ।

ਨੀਗਰੋ ਨੀਗਰੋ ਹੁੰਦਾ ਹੈ। ਉਹ ਖਾਸ ਸਬੰਧਾਂ ਵਿੱਚ ਹੀ ਸਿਰਫ਼ ਗੁਲਾਮ ਬਣਦਾ ਹੈ। ਕਤਾਈ ਮਸ਼ੀਨ ਇੱਕ ਸੂਤ ਕੱਤਣ ਵਾਲ਼ੀ ਮਸ਼ੀਨ ਹੁੰਦੀ ਹੈ। ਸਿਰਫ਼ ਖਾਸ ਸਬੰਧਾਂ ਵਿੱਚ ਹੀ ਇਹ **ਸਰਮਾਇਆ** ਬਣਦੀ ਹੈ। ਇਹਨਾਂ ਸਬੰਧਾਂ ਤੋਂ ਵੱਖ ਕੀਤਿਆਂ ਇਹ ਉਸੇ ਤਰ੍ਹਾਂ ਹੀ ਸਰਮਾਇਆ ਨਹੀਂ ਰਹਿੰਦੀ, ਜਿਸ ਤਰ੍ਹਾਂ ਸੋਨਾ ਆਪਣੇ ਆਪ ਵਿੱਚ **ਪੈਸਾ** ਨਹੀਂ ਹੁੰਦਾ ਜਾਂ ਖੰਡ ਖੰਡ ਦੀ ਕੀਮਤ ਨਹੀਂ ਹੁੰਦੀ।

ਉਤਪਾਦਨ ਵਿੱਚ ਮਨੁੱਖ ਨਾ ਸਿਰਫ਼ ਕੁਦਰਤ ਉੱਤੇ ਹੀ ਸਗੋਂ ਇੱਕ ਦੂਜੇ ਉੱਤੇ ਵੀ ਅਸਰ ਪਾਉਂਦੇ ਹਨ। ਉਹ ਇੱਕ ਖਾਸ ਤਰ੍ਹਾਂ ਨਾਲ਼ ਮਿਲਵਰਤਣ ਕਰਦਿਆਂ ਤੇ ਆਪਣੀਆਂ ਸਰਗਰਮੀਆਂ ਦਾ ਪ੍ਰਸਪਰ ਤੌਰ 'ਤੇ ਵਟਾਂਦਰਾ ਕਰਦਿਆਂ ਹੀ ਉਤਪਾਦਨ ਕਰਦੇ ਹਨ। ਪੈਦਾ

ਕਰਨ ਲਈ, ਉਹ ਇੱਕ ਦੂਜੇ ਨਾਲ਼ ਨਿਸ਼ਚਿਤ ਸੰਪਰਕ ਤੇ ਸਬੰਧ ਪੈਦਾ ਕਰ ਲੈਂਦੇ ਹਨ ਤੇ ਇਹਨਾਂ ਸਮਾਜਕ ਸੰਪਰਕਾਂ ਤੇ ਸਬੰਧਾਂ ਦੇ ਅੰਦਰ ਅੰਦਰ ਹੀ ਕੁਦਰਤ ਉੱਤੇ ਅਸਰ ਹੁੰਦਾ ਹੈ, ਉਤਪਾਦਨ ਚੱਲਦਾ ਹੈ।

ਇਹ ਸਮਾਜਕ ਸਬੰਧ ਜਿਹੜੇ ਉਤਪਾਦਕ ਇੱਕ ਦੂਜੇ ਨਾਲ਼ ਕਾਇਮ ਕਰ ਲੈਂਦੇ ਹਨ, ਉਹ ਹਾਲਤਾਂ ਜਿਨ੍ਹਾਂ ਵਿੱਚ ਉਹ ਆਪਣੀਆਂ ਸਰਗਰਮੀਆਂ ਦਾ ਵਟਾਂਦਰਾ ਕਰਦੇ ਤੇ ਉਤਪਾਦਨ ਦੇ ਸਾਰੇ ਕਾਰਜ ਵਿੱਚ ਸ਼ਾਮਲ ਹੁੰਦੇ ਹਨ, ਕੁਦਰਤੀ ਤੌਰ ’ਤੇ, ਉਤਪਾਦਨ ਦੇ ਸਾਧਨਾਂ ਦੇ ਖਾਸੇ ਦੇ ਅਨੁਸਾਰ ਬਦਲੇਗਾ। ਜੰਗ ਕਰਨ ਦੇ ਨਵੇਂ ਸਾਧਨ, ਬੰਦੂਕਾਂ ਦੀ ਕਾਢ ਨਾਲ਼, ਫੌਜ ਦੀ ਸਾਰੀ ਅੰਦਰੂਨੀ ਜਥੇਬੰਦੀ ਲਾਜ਼ਮੀ ਤੌਰ ’ਤੇ ਬਦਲ ਗਈ; ਉਹ ਸਬੰਧ, ਜਿਨ੍ਹਾਂ ਦੇ ਅੰਦਰ ਵਿਅਕਤੀ ਫੌਜ ਬਣਾ ਸਕਦੇ ਤੇ ਫੌਜ ਵਜੋਂ ਕਾਰਜ ਕਰ ਸਕਦੇ ਹਨ, ਬਦਲ ਗਏ ਤੇ ਵੱਖੋ ਵੱਖਰੀਆਂ ਫੌਜਾਂ ਦੇ ਇੱਕ ਦੂਜੀ ਨਾਲ਼ ਸਬੰਧ ਵੀ ਬਦਲ ਗਏ।

**ਇਸ ਤਰ੍ਹਾਂ**, ਸਮਾਜਕ ਸਬੰਧ, ਜਿਨ੍ਹਾਂ ਦੇ ਅੰਦਰ ਰਹਿ ਕੇ ਵਿਅਕਤੀ ਉਤਪਾਦਨ ਕਰਦੇ ਹਨ, **ਉਤਪਾਦਨ ਦੇ ਸਮਾਜਕ ਸਬੰਧ, ਉਤਪਾਦਨ ਦੇ ਪਦਾਰਥਕ ਸਾਧਨਾਂ, ਉਤਪਾਦਕ ਸ਼ਕਤੀਆਂ ਦੀ ਤਬਦੀਲੀ ਤੇ ਵਿਕਾਸ ਨਾਲ਼ ਬਦਲ ਜਾਂਦੇ ਹਨ, ਰੂਪ ਵਟਾ ਲੈਂਦੇ ਹਨ। ਉਤਪਾਦਨ ਦੇ ਸਾਧਨ ਆਪਣੀ ਸਮੂਲਤਾ ਵਿੱਚ ਉਹ ਚੀਜ਼ ਬਣਾਉਂਦੇ ਹਨ ਜਿਸ ਨੂੰ ਸਮਾਜਕ ਸਬੰਧ, ਸਮਾਜ ਤੇ ਖਾਸ ਕਰਕੇ, ਇਤਿਹਾਸਕ ਵਿਕਾਸ ਦੇ ਨਿਸ਼ਚਿਤ ਪੜਾਅ ਉੱਤੇ ਸਮਾਜ ਕਿਹਾ ਜਾਂਦਾ ਹੈ**, ਵਿਲੱਖਣ, ਨਿਖੜਵੇਂ ਖਾਸੇ ਵਾਲ਼ਾ ਸਮਾਜ। **ਪੁਰਾਤਨ** ਸਮਾਜ, **ਸਾਮੰਤੀ** ਸਮਾਜ, **ਬੁਰਜੂਆ** ਸਮਾਜ ਉਤਪਾਦਨ ਦੇ ਸਬੰਧਾਂ ਦੀਆਂ ਇਹੋ ਜਿਹੀਆਂ ਸਮੂਲਤਾਵਾਂ ਹਨ, ਜਿਨ੍ਹਾਂ ਵਿੱਚੋਂ ਹਰ ਇੱਕ, ਨਾਲ਼ ਹੀ ਨਾਲ਼, ਮਨੁੱਖਤਾ ਦੇ ਇਤਿਹਾਸ ਵਿਚਲੇ ਵਿਕਾਸ ਦੇ ਖਾਸ ਪੜਾਅ ਨੂੰ ਪੇਸ਼ ਕਰਦੀਆਂ ਹਨ।

**ਸਰਮਾਇਆ** ਵੀ ਉਤਪਾਦਨ ਦਾ ਸਮਾਜਕ ਸਬੰਧ ਹੈ। **ਇਹ ਬੁਰਜੂਆ ਉਤਪਾਦਨ ਸਬੰਧ ਹੈ**, ਬੁਰਜੂਆ ਸਮਾਜ ਦਾ ਉਤਪਾਦਨ ਸਬੰਧ। ਕੀ ਰੋਜ਼ੀ ਦੇ ਸਾਧਨ, ਕਿਰਤ ਦੇ ਸੰਦ, ਕੱਚਾ ਮਾਲ, ਜਿਹੜੇ ਮਿਲ ਕੇ ਸਰਮਾਇਆ ਬਣਾਉਂਦੇ ਹਨ, ਖਾਸ ਸਮਾਜਕ ਹਾਲਤਾਂ ਵਿੱਚ, ਨਿਸ਼ਚਿਤ ਸਮਾਜਕ ਸਬੰਧਾਂ ਵਿੱਚ ਨਹੀਂ ਪੈਦਾ ਕੀਤੇ ਜਾਂਦੇ ਤੇ ਇੱਕਤ੍ਰਿਤ ਕੀਤੇ ਜਾਂਦੇ ? ਕੀ ਖਾਸ ਸਮਾਜਕ ਹਾਲਤਾਂ ਵਿੱਚ, ਨਿਸ਼ਚਿਤ ਸਮਾਜਕ ਸਬੰਧਾਂ ਵਿੱਚ ਉਹਨਾਂ ਨੂੰ ਨਵੇਂ ਉਤਪਾਦਨ ਲਈ ਨਹੀਂ ਵਰਤਿਆ ਜਾਂਦਾ ? ਤੇ ਕੀ ਇਹ ਨਿਸ਼ਚਿਤ ਸਮਾਜਕ ਖਾਸਾ ਹੀ ਨਹੀਂ ਜਿਹੜਾ ਨਵੇਂ ਉਤਪਾਦਨ ਲਈ ਕੰਮ ਦਿੰਦੀਆਂ ਉਪਜਾਂ ਨੂੰ **ਸਰਮਾਏ ਵਿੱਚ** ਬਦਲ ਦਿੰਦਾ ਹੈ ?

ਸਰਮਾਏ ਵਿੱਚ ਸਿਰਫ਼ ਰੋਜ਼ੀ ਦੇ ਸਾਧਨ, ਕਿਰਤ ਦੇ ਸੰਦ ਤੇ ਕੱਚਾ ਮਾਲ ਹੀ ਨਹੀਂ ਆਉਂਦੇ, ਸਿਰਫ਼ ਪਦਾਰਥਕ ਉਪਜਾਂ ਹੀ ਨਹੀਂ ਆਉਂਦੀਆਂ; ਇਸ ਵਿੱਚ **ਵਟਾਂਦਰਾ ਕਦਰਾਂ** ਵੀ ਓਨੀਆਂ ਹੀ ਆਉਂਦੀਆਂ ਹਨ। ਸਾਰੀਆਂ ਉਪਜਾਂ, ਜਿਹੜੀਆਂ ਇਸ ਵਿੱਚ ਆਉਂਦੀਆਂ ਹਨ, **ਜਿਣਸਾਂ** ਹਨ। ਇਸ ਲਈ, ਸਰਮਾਇਆ ਸਿਰਫ਼ ਪਦਾਰਥਕ ਉਪਜਾਂ ਦਾ ਸਮੂਹ ਹੀ ਨਹੀਂ; ਇਹ **ਸਮਾਜਕ ਮਾਤਰਾਵਾਂ** ਜਿਣਸਾਂ ਦਾ, ਵਟਾਂਦਰਾ ਕਦਰਾਂ, ਦਾ ਸਮੂਹ ਹੈ।

ਸਰਮਾਇਆ ਸਰਮਾਇਆ ਹੀ ਰਹਿੰਦਾ ਹੈ, ਭਾਵੇਂ ਅਸੀਂ ਉੱਨ ਦੀ ਥਾਂ ਕਪਾਹ,

ਕਣਕ ਦੀ ਥਾਂ ਝੋਨਾ ਜਾਂ ਗੱਡੀਆਂ ਦੀ ਥਾਂ ਭਾਫ ਨਾਲ਼ ਚੱਲਣ ਵਾਲ਼ੇ ਜਹਾਜ਼ ਰੱਖ ਦੇਈਏ, ਬਸ਼ਰਤੇ ਕਿ ਕਪਾਹ, ਝੋਨਾ, ਭਾਫ਼ ਨਾਲ਼ ਚੱਲਣ ਵਾਲ਼ੇ ਜਹਾਜ਼ਾਂ– ਸਰਮਾਏ ਦੇ ਸਰੀਰ – ਦੀ ਵਟਾਂਦਰਾ ਕਦਰ ਉਹੀ ਰਹੇ, ਉੱਨ, ਕਣਕ, ਰੇਲਵੇਜ਼ ਜਿੰਨੀ ਹੀ ਕੀਮਤ, ਜਿਨ੍ਹਾਂ ਵਿੱਚ ਕਿ ਇਹ ਪਹਿਲਾਂ ਇਕੱਠਾ ਹੋਇਆ ਹੋਇਆ ਸੀ। ਸਰਮਾਏ ਵਿੱਚ ਜ਼ਰਾ ਵੀ ਤਬਦੀਲੀ ਆਏ ਤੋਂ ਬਿਨਾਂ ਸਰਮਾਏ ਦਾ ਸਰੀਰ ਲਗਾਤਾਰ ਬਦਲ ਸਕਦਾ ਹੈ।

ਪਰ ਜਦ ਕਿ ਸਾਰਾ ਸਰਮਾਇਆ ਜਿਣਸਾਂ ਦਾ, ਭਾਵ ਵਟਾਂਦਰਾ ਕਦਰਾਂ ਦਾ ਸਮੂਹ ਹੈ, ਜਿਣਸਾਂ ਦਾ, ਵਟਾਂਦਰਾ ਕਦਰਾਂ ਦਾ, ਹਰ ਸਮੂਹ ਸਰਮਾਇਆ ਨਹੀਂ ਹੁੰਦਾ।

ਵਟਾਂਦਰਾ ਕਦਰਾਂ ਦਾ ਹਰ ਸਮੂਹ ਇੱਕ ਵਟਾਂਦਰਾ ਕਦਰ ਹੁੰਦਾ ਹੈ। ਹਰ ਵੱਖਰੀ ਵੱਖਰੀ ਵਟਾਂਦਰਾ ਕਦਰ ਵਟਾਂਦਰਾ ਕਦਰਾਂ ਦਾ ਸਮੂਹ ਹੁੰਦੀ ਹੈ। ਉਦਾਹਰਣ ਵਜੋਂ, 1,000 ਮਾਰਕ ਦੀ ਕੀਮਤ ਵਾਲ਼ਾ ਘਰ 1,000 ਮਾਰਕ ਦੀ ਵਟਾਂਦਰਾ ਕਦਰ ਹੈ। ਇੱਕ ਪੈਨੀ ਦੇ ਕਾਗਜ਼ ਦਾ ਇੱਕ ਵਰਕਾ ਇੱਕ ਪੈਨੀ ਦੇ ਸੌ ਸੌਵੇਂ ਹਿੱਸਿਆਂ ਦੀਆਂ ਵਟਾਂਦਰਾ ਕਦਰਾਂ ਦਾ ਸਮੂਹ ਹੁੰਦਾ ਹੈ। ਜਿਹੜੀਆਂ ਉਪਜਾਂ ਦੂਜੀਆਂ ਨਾਲ਼ ਵਟਾਈਆਂ ਜਾ ਸਕਦੀਆਂ ਹੁੰਦੀਆਂ ਹਨ, ਉਹ **ਜਿਣਸਾਂ** ਹੁੰਦੀਆਂ ਹਨ। ਉਹ ਖਾਸ ਨਿਸਬਤ, ਜਿਸ ਵਿੱਚ ਉਹ ਵਟਾਈਆਂ ਜਾ ਸਕਦੀਆਂ ਹਨ, ਉਹਨਾਂ ਦੀ **ਵਟਾਂਦਰਾ ਕਦਰ**, ਜਾਂ ਪੈਸਿਆਂ ਵਿੱਚ ਦਸਿਆਂ, ਉਹਨਾਂ ਦੀ **ਕੀਮਤ** ਹੁੰਦੀ ਹੈ। ਇਹਨਾਂ ਉਪਜਾਂ ਦੀ ਮਾਤਰਾ **ਜਿਣਸਾਂ** ਹੋਣ ਦੇ ਜਾਂ ਇੱਕ **ਵਟਾਂਦਰਾ ਕਦਰ** ਪੇਸ਼ ਕਰਨ ਦੇ ਜਾਂ ਨਿਸ਼ਚਿਤ **ਕੀਮਤ** ਰੱਖਣ ਦੇ ਉਹਨਾਂ ਦੇ ਗੁਣ ਵਿੱਚ ਕੋਈ ਤਬਦੀਲੀ ਨਹੀਂ ਲਿਆ ਸਕਦੀ। ਦਰਖੱਤ ਵੱਡਾ ਹੋਵੇ ਜਾਂ ਛੋਟਾ, ਇਹ ਦਰਖੱਤ ਹੀ ਹੁੰਦਾ ਹੈ। ਅਸੀਂ ਲੋਹੇ ਦਾ ਦੂਜੀਆਂ ਉਪਜਾਂ ਨਾਲ਼ ਔਂਸਾਂ ਵਿੱਚ ਵਟਾਂਦਰਾ ਕਰੀਏ ਜਾਂ ਹੰਡਰਡਵੇਟਾਂ ਵਿੱਚ, ਕੀ ਜਿਣਸ ਹੋਣ ਵਜੋਂ, ਵਟਾਂਦਰਾ ਕਦਰ ਵਜੋਂ ਇਸ ਦੇ ਖਾਸੇ ਵਿੱਚ ਕੋਈ ਫਰਕ ਪੈਂਦਾ ਹੈ ? ਇਹ ਮਾਤਰਾ ਉਪਰ ਨਿਰਭਰ ਕਰਦਿਆਂ, ਵੱਧ ਜਾਂ ਘੱਟ ਕਦਰ ਦੀ, ਵੱਧ ਜਾਂ ਘੱਟ ਕੀਮਤ ਦੀ ਇੱਕ ਜਿਣਸ ਹੈ।

ਤਾਂ ਫਿਰ, ਜਿਣਸਾਂ ਦੀ, ਵਟਾਂਦਰਾ ਕਦਰ ਦੀ, ਕੋਈ ਮਾਤਰਾ ਸਰਮਾਇਆ ਕਿਵੇਂ ਬਣ ਜਾਂਦੀ ਹੈ ?

ਇਹ ਇੱਕ ਸਵੈਧੀਨ ਸਮਾਜਕ **ਤਾਕਤ** ਵਜੋਂ, ਭਾਵ **ਸਮਾਜ ਦੇ ਇੱਕ ਹਿੱਸੇ** ਦੀ ਤਾਕਤ ਵਜੋਂ ਆਪਣੇ ਆਪ ਨੂੰ ਕਾਇਮ ਰੱਖ ਕੇ ਤੇ ਵਧਾ ਕੇ, **ਸਿੱਧੀ, ਜੀਊਂਦੀ-ਜਾਗਦੀ ਕਿਰਤ ਸ਼ਕਤੀ ਨਾਲ਼ ਆਪਣਾ ਵਟਾਂਦਰਾ ਕਰਨ ਰਾਹੀਂ ਸਰਮਾਇਆ ਬਣ ਜਾਂਦੀ ਹੈ।** ਐਸੀ ਜਮਾਤ ਦੀ ਹੋਂਦ, ਜਿਸ ਕੋਲ਼ ਕੁੱਝ ਨਹੀਂ ਹੁੰਦਾ ਸਿਵਾਏ ਆਪਣੀ ਕਿਰਤ ਕਰਨ ਦੀ ਸਮਰੱਥਾ ਦੇ, ਸਰਮਾਏ ਦੀ ਇੱਕ ਲਾਜ਼ਮੀ ਪੂਰਵ-ਲੋੜ ਹੈ।

ਸਿੱਧੀ, ਜੀਊਂਦੀ-ਜਾਗਦੀ ਕਿਰਤ ਉੱਪਰ ਇਕੱਤ੍ਰਿਤ, ਬੀਤੇ ਦੀ, ਪਦਾਰਥਕ ਰੂਪ ਧਾਰਨ ਕਰ ਚੁੱਕੀ ਕਿਰਤ ਦਾ ਗ਼ਲਬਾ ਹੀ ਹੈ ਜਿਹੜਾ ਇਕੱਤ੍ਰਿਤ ਹੋਈ ਕਿਰਤ ਨੂੰ ਸਰਮਾਏ ਵਿੱਚ ਬਦਲਦਾ ਹੈ।

ਸਰਮਾਇਆ ਉਹ ਇਕੱਤ੍ਰਿਤ ਕਿਰਤ ਨਹੀਂ ਜਿਹੜੀ ਨਵੇਂ ਉਤਪਾਦਨ ਦੇ ਸਾਧਨ

ਵਜੋਂ ਜੀਉਂਦੀ-ਜਾਗਦੀ ਕਿਰਤ ਦੀ ਸੇਵਾ ਕਰਦੀ ਹੈ। ਇਹ ਉਹ ਜੀਉਂਦੀ-ਜਾਗਦੀ ਕਿਰਤ ਹੈ ਜਿਹੜੀ ਇਕੱਤ੍ਰਿਤ ਕਿਰਤ ਦੀ ਵਟਾਂਦਰਾ ਕਦਰ ਨੂੰ ਕਾਇਮ ਰੱਖਣ ਤੇ ਵਧਾਉਣ ਦੇ ਸਾਧਨ ਵਜੋਂ ਇਸ ਦੀ ਸੇਵਾ ਕਰ ਰਹੀ ਹੁੰਦੀ ਹੈ।

ਸਰਮਾਏਦਾਰ ਤੇ ਉਜਰਤੀ ਮਜ਼ਦੂਰ ਵਿਚਕਾਰ ਵਟਾਂਦਰੇ ਵਿੱਚ ਕੀ ਵਾਪਰਦਾ ਹੈ ?

ਮਜ਼ਦੂਰ ਆਪਣੀ ਕਿਰਤ ਸ਼ਕਤੀ ਦੇ ਵਟਾਂਦਰੇ ਵਿੱਚ ਰੋਜ਼ੀ ਦੇ ਸਾਧਨ ਵਸੂਲ ਕਰਦਾ ਹੈ, ਪਰ ਸਰਮਾਏਦਾਰ ਰੋਜ਼ੀ ਦੇ ਆਪਣੇ ਸਾਧਨਾਂ ਦੇ ਵਟਾਂਦਰੇ ਵਿੱਚ ਕਿਰਤ, ਮਜ਼ਦੂਰ ਦੀ ਉਤਪਾਦਕ ਸਰਗਰਮੀ, ਰਚਣੇਈ ਤਾਕਤ ਪ੍ਰਾਪਤ ਕਰਦਾ ਹੈ ਜਿਸ ਨਾਲ਼ ਮਜ਼ਦੂਰ ਨਾ ਸਿਰਫ਼ ਉਸ ਦੀ ਥਾਂ ਪੂਰੀ ਕਰਦਾ ਹੈ ਜੋ ਕੁੱਝ ਉਹ ਖਪਾਉਂਦਾ ਹੈ, ਸਗੋਂ **ਇਕੱਤ੍ਰਿਤ ਕਿਰਤ ਦੀ ਜਿੰਨੀ ਪਹਿਲਾਂ ਕਦਰ ਸੀ, ਉਸ ਨਾਲ਼ੋਂ ਵਧੇਰੇ ਕਦਰ ਉਸ ਨੂੰ ਦੇ ਦਿੰਦਾ ਹੈ।** ਸਰਮਾਏਦਾਰ ਤੋਂ ਮਜ਼ਦੂਰ ਰੋਜ਼ੀ ਦੇ ਮਿਲਦੇ ਸਾਧਨਾਂ ਦਾ ਇੱਕ ਹਿੱਸਾ ਪ੍ਰਾਪਤ ਕਰਦਾ ਹੈ। ਰੋਜ਼ੀ ਦੇ ਇਹ ਸਾਧਨ ਉਸ ਦੇ ਕਿਸ ਕੰਮ ਆਉਂਦੇ ਹਨ ? ਤੁਰੰਤ ਖਪਤ ਦੇ। ਪਰ ਜਿਉਂ ਹੀ ਮੈਂ ਰੋਜ਼ੀ ਦੇ ਸਾਧਨਾਂ ਨੂੰ ਖਪਾ ਲੈਂਦਾ ਹਾਂ, ਉਹ ਮੇਰੇ ਲਈ ਹਮੇਸ਼ਾ ਵਾਸਤੇ ਖਤਮ ਹੋ ਜਾਂਦੇ ਹਨ, ਜਦੋਂ ਤੱਕ ਮੈਂ ਉਸ ਸਮੇਂ ਨੂੰ, ਜਿਸ ਦੇ ਦੌਰਾਨ ਮੈਂ ਉਹਨਾਂ ਵੱਲੋਂ ਜੀਉਂਦਾ ਰੱਖਿਆ ਜਾਂਦਾ ਹਾਂ, ਰੋਜ਼ੀ ਦੇ ਨਵੇਂ ਸਾਧਨ ਪੈਦਾ ਕਰਨ ਲਈ ਨਹੀਂ ਵਰਤਦਾ, ਜਦੋਂ ਤੱਕ ਖਪਤ ਦੇ ਦੌਰਾਨ ਆਪਣੀ ਕਿਰਤ ਨਾਲ਼ ਉਹਨਾਂ ਕਦਰਾਂ ਦੀ ਥਾਂ, ਜਿਹੜੀਆਂ ਖਪਤ ਦੇ ਦੌਰਾਨ ਖਤਮ ਹੋ ਜਾਂਦੀਆਂ ਹਨ, ਮੈਂ ਨਵੀਆਂ ਕਦਰਾਂ ਨਹੀਂ ਪੈਦਾ ਕਰਦਾ। ਪਰ ਇਹੀ ਉਤਮ ਉਤਪਾਦਕ ਸ਼ਕਤੀ ਹੀ ਹੈ ਜਿਹੜੀ ਮਜ਼ਦੂਰ ਪ੍ਰਾਪਤ ਕੀਤੇ ਰੋਜ਼ੀ ਦੇ ਸਾਧਨਾਂ ਦੇ ਵੱਟੇ ਵਿੱਚ, ਸਰਮਾਏਦਾਰ ਦੇ ਹਵਾਲੇ ਕਰ ਦਿੰਦਾ ਹੈ। ਇਸ ਲਈ, ਉਹ ਆਪਣੇ ਲਈ ਇਸ ਨੂੰ ਹਮੇਸ਼ਾ ਲਈ ਗੁਆ ਚੁੱਕਾ ਹੈ।

ਆਓ ਇੱਕ ਉਦਾਹਰਣ ਲਈਏ : ਇੱਕ ਪੱਟੇਦਾਰ ਕਿਸਾਨ ਆਪਣੇ ਦਿਹਾੜੀਦਾਰ ਮਜ਼ਦੂਰ ਨੂੰ ਇੱਕ ਦਿਹਾੜੀ ਦੇ ਪੰਜ ਚਾਂਦੀ ਦੇ ਗਰੋਸ਼ੇਨ ਦਿੰਦਾ ਹੈ। ਇਹਨਾਂ ਪੰਜ ਚਾਂਦੀ ਦੇ ਗਰੋਸ਼ੇਨਾਂ ਲਈ ਮਜ਼ਦੂਰ ਸਾਰੀ ਦਿਹਾੜੀ ਕਿਸਾਨ ਦੇ ਖੇਤ ਵਿੱਚ ਕੰਮ ਕਰਦਾ ਹੈ ਤੇ ਇਸ ਤਰ੍ਹਾਂ ਉਸ ਲਈ ਦਸ ਚਾਂਦੀ ਦੇ ਗਰੋਸ਼ੇਨਾਂ ਦੀ ਉਪਜ ਯਕੀਨੀ ਬਣਾ ਦਿੰਦਾ ਹੈ। ਕਿਸਾਨ ਨੂੰ ਨਾ ਸਿਰਫ਼ ਉਹ ਕਦਰ ਹੀ ਵਾਪਸ ਮਿਲ ਜਾਂਦੀ ਹੈ ਜਿਹੜੀ ਉਸ ਨੇ ਦਿਹਾੜੀਦਾਰ ਨੂੰ ਦਿੱਤੀ ਹੈ: ਉਹ ਸਗੋਂ ਇਸ ਨੂੰ ਦੁਗਣੀ ਕਰ ਲੈਂਦਾ ਹੈ। ਇਸ ਤਰ੍ਹਾਂ ਨਾਲ਼ ਉਸ ਨੇ ਮਜ਼ਦੂਰ ਨੂੰ ਦਿੱਤੇ ਪੰਜ ਚਾਂਦੀ ਦੇ ਗਰੋਸ਼ੇਨ ਫਲਦਾਇਕ, ਉਤਪਾਦਕ ਢੰਗ ਨਾਲ਼ ਵਰਤੇ, ਖਪਤ ਕੀਤੇ ਹਨ। ਪੰਜ ਚਾਂਦੀ ਦੇ ਗਰੋਸ਼ੇਨਾਂ ਨਾਲ਼ ਉਸ ਨੇ ਬਿਲਕੁੱਲ ਓਨੀ ਕਿਰਤ ਤੇ ਮਜ਼ਦੂਰ ਦੀ ਓਨੀ ਸ਼ਕਤੀ ਖਰੀਦ ਲਈ ਹੈ ਜਿਹੜੀ ਦੁਗਣੀ ਕਦਰ ਦੀਆਂ ਜ਼ਰਾਇਤੀ ਉਪਜਾਂ ਪੈਦਾ ਕਰਦੀ ਹੈ ਤੇ ਪੰਜਾਂ ਦੇ ਦਸ ਚਾਂਦੀ ਦੇ ਗਰੋਸ਼ੇਨ ਬਣਾ ਦਿੰਦੀ ਹੈ। ਦੂਜੇ ਪਾਸੇ, ਦਿਹਾੜੀਦਾਰ ਨੂੰ ਆਪਣੀ ਉਤਪਾਦਕ ਸ਼ਕਤੀ ਦੀ ਥਾਂ, ਜਿਸ ਦੇ ਫਲ ਦਾ ਉਹ ਕਿਸਾਨ ਨਾਲ਼ ਸੌਦਾ ਕਰ ਚੁੱਕਾ ਹੁੰਦਾ ਹੈ, ਪੰਜ ਚਾਂਦੀ ਦੇ ਗਰੋਸ਼ੇਨ ਪ੍ਰਾਪਤ ਕਰਦਾ ਹੈ, ਜਿਨ੍ਹਾਂ ਨੂੰ ਉਹ ਰੋਜ਼ੀ ਦੇ ਸਾਧਨਾਂ ਨਾਲ਼ ਵਟਾ ਲੈਂਦਾ ਹੈ, ਤੇ ਇਹਨਾਂ ਸਾਧਨਾਂ ਨੂੰ ਉਹ ਘੱਟ ਜਾਂ ਵੱਧ ਤੇਜ਼ੀ ਨਾਲ਼ ਖਪਾ ਲੈਂਦਾ ਹੈ। ਇਸ ਲਈ, ਪੰਜ ਚਾਂਦੀ ਦੇ ਗਰੋਸ਼ੇਨ ਦੂਹਰੇ ਤਰੀਕੇ ਨਾਲ਼ ਵਰਤੇ ਗਏ ਹਨ, **ਮੁੜ-ਉਤਪਾਦਕ ਤਰੀਕੇ ਨਾਲ਼** ਸਰਮਾਏ

ਲਈ, ਕਿਉਂਕਿ ਉਹਨਾਂ ਦਾ ਕਿਰਤ ਸ਼ਕਤੀ* ਨਾਲ਼ ਵਟਾਂਦਰਾ ਕੀਤਾ ਗਿਆ ਹੈ ਜਿਸ ਨੇ ਅੱਗੋਂ ਦਸ ਚਾਂਦੀ ਦੇ ਗਰੋਸ਼ੇਨ ਪੈਦਾ ਕੀਤੇ ਹਨ, **ਗੈਰ-ਉਤਪਾਦਕ ਤਰ੍ਹਾਂ ਨਾਲ਼** ਮਜ਼ਦੂਰ ਲਈ, ਕਿਉਂਕਿ ਉਹਨਾਂ ਦਾ ਰੋਜ਼ੀ ਦੇ ਸਾਧਨਾਂ ਨਾਲ਼ ਵਟਾਂਦਰਾ ਕੀਤਾ ਗਿਆ ਹੈ ਜਿਹੜੇ ਹਮੇਸ਼ਾ ਲਈ ਖਤਮ ਹੋ ਗਏ ਹਨ ਤੇ ਜਿਨ੍ਹਾਂ ਦੀਕਦਰ ਉਹ ਕਿਸਾਨ ਨਾਲ਼ ਉਸੇ ਤਰ੍ਹਾਂ ਦਾ ਵਟਾਂਦਰਾ ਦੁਹਰਾਉਣ ਨਾਲ਼ ਹੀ ਮੁੜ ਪ੍ਰਾਪਤ ਕਰ ਸਕਦਾ ਹੈ। **ਇਸ ਤਰ੍ਹਾਂ ਨਾਲ਼, ਸਰਮਾਇਆ ਉਜਰਤੀ ਕਿਰਤ ਨੂੰ ਪਹਿਲਾਂ ਮਿਥਦਾ ਹੈ; ਉਜਰਤੀ ਕਿਰਤ ਸਰਮਾਏ ਨੂੰ ਪਹਿਲਾਂ ਮਿਥਦੀ ਹੈ। ਉਹ ਪ੍ਰਸਪਰ ਤੌਰ 'ਤੇ ਇੱਕ ਦੂਜੇ ਦੀ ਹੋਂਦ ਉੱਤੇ ਅਸਰ ਪਾਉਂਦੇ ਹਨ; ਉਹ ਪ੍ਰਸਪਰ ਤੌਰ 'ਤੇ ਇੱਕ ਦੂਜੇ ਨੂੰ ਪੈਦਾ ਕਰਦੇ ਹਨ।**

ਕੀ ਕੱਪੜਾ ਫੈਕਟਰੀ ਵਿਚਲਾ ਮਜ਼ਦੂਰ ਸਿਰਫ਼ ਸੂਤੀ ਕੱਪੜਾ ਹੀ ਪੈਦਾ ਕਰਦਾ ਹੈ ? ਨਹੀਂ, ਉਹ ਸਰਮਾਇਆ ਪੈਦਾ ਕਰਦਾ ਹੈ। ਇਹ ਐਸੀਆਂ ਕਦਰਾਂ ਪੈਦਾ ਕਰਦਾ ਹੈ ਜਿਹੜੀਆਂ ਨਵੇਂ ਸਿਰਿਓਂ ਉਸ ਦੀ ਕਿਰਤ ਤੋਂ ਕੰਮ ਲੈਣ ਦਾ, ਤੇ ਇਸ ਦੀ ਸਹਾਇਤਾ ਨਾਲ਼ ਨਵੀਆਂ ਕਦਰਾਂ ਪੈਦਾ ਕਰਨ ਦਾ ਅਧਾਰ ਬਣਦੀਆਂ ਹਨ।

ਸਰਮਾਇਆ ਆਪਣਾ ਵਟਾਂਦਰਾ ਕਿਰਤ ਨਾਲ਼ ਕਰਕੇ ਹੀ, ਉਜਰਤੀ ਕਿਰਤ ਨੂੰ ਜੀਉਂਦਿਆਂ ਕਰ ਕੇ ਹੀ ਵੱਧ ਸਕਦਾ ਹੈ। ਉਜਰਤੀ ਮਜ਼ਦੂਰ ਦੀ ਕਿਰਤ ਸ਼ਕਤੀ ਦਾ ਸਰਮਾਏ ਨੂੰ ਵਧਾਉਣ ਨਾਲ਼ ਹੀ, ਉਸ ਸ਼ਕਤੀ ਨੂੰ ਮਜ਼ਬੂਤ ਕਰਨ ਨਾਲ਼ ਹੀ ਜਿਸ ਦੀ ਕਿ ਇਹ ਗੁਲਾਮ ਹੈ, ਸਰਮਾਏ ਨਾਲ਼ ਵਟਾਂਦਰਾ ਕੀਤਾ ਜਾ ਸਕਦਾ ਹੈ। **ਇਸ ਲਈ, ਸਰਮਾਏ ਦਾ ਵਾਧਾ ਪ੍ਰੋਲੇਤਾਰੀਆਂ ਦਾ, ਭਾਵ ਮਜ਼ਦੂਰ ਜਮਾਤ ਦਾ ਵਾਧਾ ਹੈ।**

ਇਸ ਲਈ, ਸਰਮਾਏਦਾਰ ਦੇ ਹਿੱਤ ਤੇ ਮਜ਼ਦੂਰ ਦੇ ਹਿੱਤ **ਇੱਕੋਂ ਹੀ ਹਨ**, ਬੁਰਜੂਆ ਤੇ ਉਹਨਾਂ ਦੇ ਅਰਥ-ਵਿਗਿਆਨੀ ਦਾਅਵਾ ਕਰਦੇ ਹਨ। ਸੱਚਮੁੱਚ। ਮਜ਼ਦੂਰ ਖਤਮ ਹੋ ਜਾਂਦਾ ਹੈ ਜੇ ਸਰਮਾਇਆ ਉਸ ਨੂੰ ਕੰਮ ਉੱਤੇ ਨਹੀਂ ਲਾਉਂਦਾ ਤਾਂ। ਸਰਮਾਇਆ ਖਤਮ ਹੋ ਜਾਂਦਾ ਹੈ ਜੇ ਇਹ ਕਿਰਤ ਸ਼ਕਤੀ ਦੀ ਵਰਤੋਂ ਨਹੀਂ ਕਰਦਾ, ਤੇ ਇਸ ਦੀ ਵਰਤੋਂ ਕਰਨ ਲਈ, ਇਸ ਵਾਸਤੇ ਇਸ ਨੂੰ ਖਰੀਦਨਾ ਜ਼ਰੂਰੀ ਹੈ। ਉਤਪਾਦਨ ਦਾ ਮੰਤਵ ਰੱਖਦਾ ਰੱਖਦਾ, ਉਤਪਾਦਨ ਸਰਮਾਇਆ, ਜਿੰਨੀ ਤੇਜ਼ੀ ਨਾਲ਼ ਵੱਧਦਾ ਹੈ, ਓਨੀ ਹੀ ਤੇਜ਼ੀ ਨਾਲ਼ ਸਨਅਤ ਪ੍ਰਫੁੱਲਤ ਹੁੰਦੀ ਹੈ, ਓਨਾ ਹੀ ਜ਼ਿਆਦਾ ਬੁਰਜੂਆਜ਼ੀ ਆਪਣੇ ਆਪ ਨੂੰ ਅਮੀਰ ਬਣਾ ਲੈਂਦੀ ਹੈ ਤੇ ਕਾਰੋਬਾਰ ਜਿੰਨਾਂ ਚੰਗਾ ਹੁੰਦਾ ਹੈ, ਸਰਮਾਏਦਾਰ ਨੂੰ ਓਨੇ ਹੀ ਜ਼ਿਆਦਾ ਮਜ਼ਦੂਰ ਚਾਹੀਦੇ ਹੁੰਦੇ ਹਨ, ਮਜ਼ਦੂਰ ਓਨੇ ਹੀ ਵਧੇਰੇ ਮਹਿੰਗਾ ਆਪਣੇ ਆਪ ਨੂੰ ਵੇਚਦਾ ਹੈ।

ਇਸ ਲਈ, ਮਜ਼ਦੂਰ ਦੀ ਸੰਤੋਖਜਨਕ ਹਾਲਤ ਲਈ ਲਾਜ਼ਮੀ ਸ਼ਰਤ **ਉਤਪਾਦਕ ਸਰਮਾਏ ਦਾ ਵੱਧ ਤੋਂ ਵੱਧ ਸੰਭਵ ਤੇਜ਼ ਵਾਧਾ ਹੈ।**

ਪਰ ਉਤਪਾਦਕ ਸਰਮਾਏ ਦਾ ਵਾਧਾ ਕੀ ਹੁੰਦਾ ਹੈ ? ਇਕੱਤ੍ਰਿਤ ਹੋਈ ਕਿਰਤ ਦੀ

---

* ਇੱਥੇ ਇਹ ਸ਼ਬਦ "ਕਿਰਤ ਸ਼ਕਤੀ" ਏਂਗਲਜ਼ ਨੇ ਨਹੀਂ ਸਨ ਲਿਖੇ ਸਗੋਂ ਪਹਿਲਾਂ ਹੀ ਮਾਰਕਸ ਵੱਲੋਂ Neue Rheinische Zeitung ਵਿੱਚ ਪ੍ਰਕਾਸ਼ਤ ਮੂਲ-ਪਾਠ ਵਿੱਚ ਮੌਜੂਦ ਸਨ। **—ਸੰਪਾ.**

ਜੀਉਂਦੀ-ਜਾਗਦੀ ਕਿਰਤ ਉੱਪਰ ਸ਼ਕਤੀ ਦਾ ਵਾਧਾ। ਮਜ਼ਦੂਰ ਜਮਾਤ ਉੱਪਰ ਬੁਰਜੂਆਜ਼ੀ ਦੇ ਗਲਬੇ ਦਾ ਵਾਧਾ। ਜੇ ਉਜਰਤੀ ਕਿਰਤ ਦੂਜਿਆਂ ਦਾ ਧਨ ਪੈਦਾ ਕਰਦੀ ਹੈ ਜਿਹੜਾ ਇਸ ਉੱਪਰ ਹਕੂਮਤ ਕਰਦਾ ਹੈ, ਜੋ ਕਿ ਇਸ ਦੇ ਵਿਰੁੱਧ ਜਾਂਦੀ ਤਾਕਤ ਹੈ, ਸਰਮਾਇਆ, ਤਾਂ ਰੁਜ਼ਗਾਰ ਦੇ ਸਾਧਨ, (Beschaftigungsmittel), ਭਾਵ, ਰੋਜ਼ੀ ਦੇ ਸਾਧਨ ਇਸ ਵਿਰੁੱਧ ਜਾਂਦੀ ਤਾਕਤ ਵੱਲੋਂ ਵਾਪਸ ਇਸ ਵੱਲ ਆਉਣ ਲੱਗ ਪੈਂਦੇ ਹਨ, ਇਸ ਸ਼ਰਤ ਉੱਤੇ ਕਿ ਇਹ ਨਵੇਂ ਸਿਰਿਓਂ ਆਪਣੇ ਆਪ ਨੂੰ ਸਰਮਾਏ ਦਾ ਹਿੱਸਾ ਬਣਾ ਲਵੇ, ਐਸੇ ਲੀਵਲ ਵਿੱਚ ਬਦਲ ਲਵੇ ਜਿਹੜਾ ਸਰਮਾਏ ਨੂੰ ਵਾਧੇ ਦੀ ਵਧੇਰੇ ਤੇਜ਼ ਗਤੀ ਵਿੱਚ ਨਵੇਂ ਸਿਰਿਓਂ ਸੁੱਟ ਦਿੰਦਾ ਹੈ।

**ਇਹ ਕਹਿਣਾ ਕਿ ਸਰਮਾਏ ਤੇ ਮਜ਼ਦੂਰਾਂ ਦੇ ਹਿੱਤ ਇੱਕੋ ਹੀ ਹਨ, ਸਿਰ.ਫ ਇਹ ਕਹਿਣ ਦੇ ਬਰਾਬਰ ਹੈ ਕਿ ਸਰਮਾਇਆ ਤੇ ਉਜਰਤੀ ਕਿਰਤ ਇੱਕੋ ਹੀ ਸਬੰਧ ਦੇ ਦੋ ਪਾਸੇ ਹਨ। ਇੱਕ ਪਾਸਾ ਦੂਜੇ ਲਈ ਜ਼ਰੂਰੀ ਹੈ, ਬਿਲਕੁੱਲ ਜਿਸ ਤਰ੍ਹਾਂ ਸੂਦਖੋਰ ਤੇ ਫਜ਼ੂਲ-ਖਰਚ ਇੱਕ ਦੂਜੇ ਲਈ ਜ਼ਰੂਰੀ ਹੁੰਦੇ ਹਨ।**

ਜਦੋਂ ਤੱਕ ਉਜਰਤੀ ਮਜ਼ਦੂਰ ਉਜਰਤੀ ਮਜ਼ਦੂਰ ਹੈ, ਉਸ ਦੀ ਹੋਣੀ ਸਰਮਾਏ ਉੱਤੇ ਨਿਰਭਰ ਕਰੇਗੀ। ਇਹ ਹੈ ਮਜ਼ਦੂਰ ਤੇ ਸਰਮਾਏਦਾਰ ਵਿਚਕਾਰ ਹਿੱਤਾਂ ਦੀ ਸਾਂਝ, ਜਿਸ ਬਾਰੇ ਏਨੀਆਂ ਜ਼ਿਆਦਾ ਫੜਾਂ ਮਾਰੀਆਂ ਜਾਂਦੀਆਂ ਹਨ।

ਜੇ ਸਰਮਾਇਆ ਵੱਧਦਾ ਹੈ ਤਾਂ ਉਜਰਤੀ ਕਿਰਤ ਦਾ ਆਕਾਰ ਵੱਧਦਾ ਹੈ, ਉਜਰਤੀ ਮਜ਼ਦੂਰਾਂ ਦੀ ਗਿਣਤੀ ਵੱਧਦੀ ਹੈ; ਮਤਲਬ ਕੀ, ਕਿ ਸਰਮਾਏ ਦਾ ਗ਼ਲਬਾ ਬੰਦਿਆਂ ਦੀ ਵਧੇਰੇ ਗਿਣਤੀ ਤੱਕ ਫੈਲਦਾ ਹੈ। ਆਓ ਸਭ ਤੋਂ ਵੱਧ ਸੁਖਾਵਾਂ ਕੇਸ ਫਰਜ਼ ਕਰੀਏ: ਜਦੋਂ ਉਤਪਾਦਕ ਸਰਮਾਇਆ ਵੱਧਦਾ ਹੈ, ਕਿਰਤ ਲਈ ਮੰਗ ਵੱਧਦੀ ਹੈ; ਇਸ ਦੇ ਸਿੱਟੇ ਵਜੋਂ, ਕਿਰਤ ਦੀ ਕੀਮਤ, ਵੱਧ ਜਾਂਦੀ ਹੈ।

ਕੋਈ ਘਰ ਵੱਡਾ ਵੀ ਹੋ ਸਕਦਾ ਹੈ, ਛੋਟਾ ਵੀ; ਜਦੋਂ ਤੱਕ ਆਸਪਾਸ ਦੇ ਘਰ ਓਨੇ ਹੀ ਛੋਟੇ ਹੁੰਦੇ ਹਨ, ਇਹ ਰਹਿਣ ਵਾਲ਼ੀ ਥਾਂ ਦੀਆਂ ਸਾਰੀਆਂ ਸਮਾਜਕ ਲੋੜਾਂ ਪੂਰੀਆਂ ਕਰਦਾ ਰਹਿੰਦਾ ਹੈ। ਪਰ ਛੋਟੇ ਘਰ ਦੇ ਨਾਲ਼ ਕੋਈ ਮਹੱਲ ਉੱਸਰ ਲੈਣ ਦਿਓ, ਤਾਂ ਇਹ ਸੁੰਗੜ ਕੇ ਨਿੱਕੇ ਘਰ ਤੋਂ ਝੁੱਗੀ ਬਣ ਜਾਇਗਾ। ਹੁਣ ਛੋਟਾ ਘਰ ਇਹ ਦਰਸਾਉਂਦਾ ਹੈ ਕਿ ਇਸ ਦੇ ਮਾਲਕ ਦੇ ਕੋਈ ਦਾਅਵੇ ਨਹੀਂ, ਜਾਂ ਬਹੁਤ ਘੱਟ ਦਾਅਵੇ ਹਨ; ਤੇ ਸੱਭਿਅਤਾ ਦੇ ਵਾਧੇ ਦੇ ਦੌਰਾਨ ਇਹ ਭਾਵੇਂ ਕਿੰਨਾਂ ਵੀ ਉੱਚਾ ਚੱਲਾ ਜਾਏ, ਜੇ ਨਾਲ਼ ਲੱਗਦਾ ਮਹੱਲ ਉਸੇ ਹੀ ਹਿਸਾਬ ਨਾਲ਼ ਜਾਂ ਉਸ ਤੋਂ ਵੀ ਵੱਧ ਉੱਚਾ ਜਾਈ ਜਾਂਦਾ ਹੈ ਤਾਂ ਮੁਕਾਬਲਤਨ ਛੋਟੇ ਘਰ ਵਿੱਚ ਵੱਸਣ ਵਾਲ਼ਾ ਦਿਨੋ ਦਿਨ ਵਧੇਰੇ ਬੇਚੈਨ, ਅਸੰਤੁਸ਼ਟ ਤੇ ਇਸ ਦੀਆਂ ਚਾਰ ਦੀਵਾਰਾਂ ਦੇ ਅੰਦਰ ਘੁਟਿਆ ਘੁਟਿਆ ਮਹਿਸੂਸ ਕਰਦਾ ਰਹੇਗਾ।

ਉਜਰਤਾਂ ਵਿੱਚ ਉਘੜਵਾਂ ਵਾਧਾ ਉਤਪਾਦਕ ਸਰਮਾਏ ਦੇ ਤੇਜ਼ ਵਾਧੇ ਨੂੰ ਪਹਿਲਾਂ ਮਿਥਦਾ ਹੈ। ਉਤਪਾਦਕ ਸਰਮਾਏ ਦੇ ਤੇਜ਼ ਵਾਧੇ ਨਾਲ਼ ਧਨ, ਐਸ਼ੋ-ਇਸ਼ਰਤ, ਸਮਾਜਕ ਲੋੜਾਂ, ਸਮਾਜਕ ਮੌਜ-ਮੇਲੇ ਵਿੱਚ ਵੀ ਓਨਾ ਹੀ ਤੇਜ਼ ਵਾਧਾ ਹੁੰਦਾ ਹੈ। ਇਸ ਤਰ੍ਹਾਂ, ਭਾਵੇਂ ਮਜ਼ਦੂਰ ਦੇ ਮੌਜ-ਮੇਲਿਆਂ ਵਿੱਚ ਵਾਧਾ ਹੋ ਗਿਆ ਹੈ, ਉਹਨਾਂ ਤੋਂ ਮਿਲਦੀ ਸਮਾਜਕ ਸੰਤੁਸ਼ਟੀ

ਸਰਮਾਏਦਾਰ ਦੇ ਵੱਧੇ ਮੌਜ-ਮੇਲਿਆਂ ਦੇ ਮੁਕਾਬਲੇ ਵਿੱਚ, ਜਿਹੜੇ ਕਿ ਮਜ਼ਦੂਰ ਲਈ ਅਪਹੁੰਚ ਹਨ, ਆਮ ਕਰਕੇ ਸਮਾਜ ਦੇ ਵਿਕਾਸ ਦੀ ਅਵਸਥਾ ਦੇ ਮੁਕਾਬਲੇ ਵਿੱਚ, ਘੱਟ ਗਈ ਹੈ। ਸਾਡੀਆਂ ਖਾਹਸ਼ਾਂ ਤੇ ਖੁਸ਼ੀਆਂ ਸਮਾਜ ਤੋਂ ਪੈਦਾ ਹੁੰਦੀਆਂ ਹਨ; ਇਸ ਲਈ ਅਸੀਂ ਸਮਾਜ ਨਾਲ਼ ਇਹਨਾਂ ਨੂੰ ਮਾਪਦੇ ਹਾਂ ਨਾ ਕਿ ਉਹਨਾਂ ਵਸਤਾਂ ਨਾਲ਼ ਜਿਹੜੀਆਂ ਉਹਨਾਂ ਦੀ ਸੰਤੁਸ਼ਟੀ ਲਈ ਕੰਮ ਆਉਂਦੀਆਂ ਹਨ। ਕਿਉਂਕਿ ਉਹ ਸਮਾਜਕ ਖਾਸੇ ਦੀਆਂ ਹੁੰਦੀਆਂ ਹਨ, ਉਹ ਮੁਕਾਬਲਤਨ ਖਾਸੇ ਦੀਆਂ ਹੁੰਦੀਆਂ ਹਨ।

ਆਮ ਕਰਕੇ, ਉਜਰਤ ਸਿਰਫ਼ ਉਹਨਾਂ ਜਿਣਸਾਂ ਦੀ ਮਾਤਰਾ ਨਾਲ਼ ਨਹੀਂ ਨਿਸ਼ਚਿਤ ਹੁੰਦੀ ਜਿਨ੍ਹਾਂ ਨਾਲ਼ ਮੈਂ ਉਸਦਾ ਵਟਾਂਦਰਾ ਕਰ ਸਕਦਾ ਹਾਂ। ਇਹ ਵੱਖੋ ਵੱਖਰੇ ਸਬੰਧਾਂ ਨੂੰ ਸਾਕਾਰ ਕਰਦੀ ਹੈ।

ਮਜ਼ਦੂਰਾਂ ਨੂੰ ਆਪਣੀ ਕਿਰਤ ਸ਼ਕਤੀ ਲਈ ਜੋ ਮਿਲਦਾ ਹੈ, ਉਹ ਪਹਿਲੀ ਥਾਂ ਉੱਤੇ, ਪੈਸਿਆਂ ਦੀ ਨਿਸ਼ਚਿਤ ਰਕਮ ਹੈ। ਕੀ ਉਜਰਤਾਂ ਸਿਰਫ਼ ਇਸ ਪੈਸਿਆਂ ਵਿੱਚ ਕੀਮਤ ਨਾਲ਼ ਨਿਸ਼ਚਿਤ ਹੁੰਦੀਆਂ ਹਨ ?

ਸੋਲ੍ਹਵੀਂ ਸਦੀ ਵਿੱਚ, ਅਮਰੀਕਾ ਵਿੱਚ ਵਧੇਰੇ ਭਰਪੂਰ ਤੇ ਕੰਮ ਲਈ ਵਧੇਰੇ ਸੌਖੀਆਂ ਖਾਨਾਂ ਦੇ ਲੱਭਣ ਦੇ ਸਿੱਟੇ ਵਜੋਂ ਯੂਰਪ ਵਿੱਚ ਚੱਕਰ ਲਾ ਰਹੇ ਸੋਨੇ ਤੇ ਚਾਂਦੀ ਵਿੱਚ ਵਾਧਾ ਹੋ ਗਿਆ। ਸੋ, ਦੂਜੀਆਂ ਜਿਣਸਾਂ ਦੇ ਮੁਕਾਬਲੇ ਉੱਤੇ ਸੋਨੇ ਤੇ ਚਾਂਦੀ ਦੀ ਕੀਮਤ ਘੱਟ ਗਈ। ਮਜ਼ਦੂਰਾਂ ਨੂੰ ਆਪਣੀ ਕਿਰਤ ਸ਼ਕਤੀ ਲਈ ਪਹਿਲਾਂ ਵਾਂਗ ਹੀ ਸਿੱਕਿਆਂ ਦੇ ਰੂਪ ਵਿੱਚ ਚਾਂਦੀ ਮਿਲਦੀ ਰਹੀ। ਉਹਨਾਂ ਦੀ ਕਿਰਤ ਦੀ ਪੈਸਿਆਂ ਵਿੱਚ ਕੀਮਤ ਉਹੀ ਰਹੀ, ਤਾਂ ਵੀ ਉਹਨਾਂ ਦੀਆਂ ਉਜਰਤਾਂ ਘੱਟ ਗਈਆਂ ਸਨ, ਕਿਉਂਕਿ ਚਾਂਦੀ ਦੀ ਉਸੇ ਹੀ ਮਾਤਰਾ ਦੇ ਵਟਾਂਦਰੇ ਵਿੱਚ ਉਹਨਾਂ ਨੂੰ ਦੂਜੀਆਂ ਜਿਣਸਾਂ ਦੀ ਘੱਟ ਮਾਤਰਾ ਮਿਲਦੀ ਸੀ। ਇਹ ਇੱਕ ਚੀਜ਼ ਸੀ ਜਿਸ ਨੇ ਸੋਲ੍ਹਵੀਂ ਸਦੀ ਵਿੱਚ ਸਰਮਾਏ ਦੇ ਵਾਧੇ ਤੇ ਬੁਰਜੂਆਜ਼ੀ ਦੇ ਵਾਧੇ ਨੂੰ ਅੱਗੇ ਖੜਿਆ।

ਆਓ ਇੱਕ ਹੋਰ ਉਦਾਹਰਣ ਲਈਏ। 1847 ਦੀਆਂ ਸਰਦੀਆਂ ਵਿੱਚ, ਫਸਲ ਮਾਰੀ ਜਾਣ ਦੇ ਸਿੱਟੇ ਵੱਜੋਂ, ਰੋਜ਼ੀ ਦੇ ਸਭ ਤੋਂ ਵੱਧ ਲਾਜ਼ਮੀ ਸਾਧਨਾਂ— ਅਨਾਜ, ਮਾਸ, ਮੱਖਣ, ਪਨੀਰ ਆਦਿ— ਦੀਆਂ ਕੀਮਤਾਂ ਬਹੁਤ ਜ਼ਿਆਦਾ ਵੱਧ ਗਈਆਂ। ਫਰਜ਼ ਕਰੋ ਕਿ ਮਜ਼ਦੂਰਾਂ ਨੂੰ ਪਹਿਲਾਂ ਵਾਂਗ ਆਪਣੀ ਕਿਰਤ ਸ਼ਕਤੀ ਲਈ ਪੈਸਿਆਂ ਦੀ ਓਨੀ ਹੀ ਰਕਮ ਮਿਲਦੀ ਰਹੀ। ਕੀ ਉਹਨਾਂ ਦੀਆਂ ਉਜਰਤਾਂ ਘੱਟ ਨਹੀਂ ਸਨ ਗਈਆਂ ? ਬੇਸ਼ੱਕ। ਓਨੇ ਹੀ ਪੈਸਿਆਂ ਨਾਲ਼ ਵਟਾਂਦਰੇ ਵਿੱਚ ਉਹਨਾਂ ਨੂੰ ਘੱਟ ਰੋਟੀ, ਮਾਸ ਆਦਿ ਮਿਲਦੇ ਸਨ। ਉਹਨਾਂ ਦੀਆਂ ਉਜਰਤਾਂ ਘੱਟ ਗਈਆਂ ਸਨ, ਇਸ ਲਈ ਨਹੀਂ ਕਿ ਚਾਂਦੀ ਦੀ ਕਦਰ ਘੱਟ ਗਈ ਸੀ, ਸਗੋਂ ਇਸ ਲਈ ਕਿ ਰੋਜ਼ੀ ਦੇ ਸਾਧਨਾਂ ਦੀ ਕਦਰ ਵੱਧ ਗਈ ਸੀ।

ਅਖੀਰ ਵਿੱਚ, ਫਰਜ਼ ਕਰੋ ਕਿ ਕਿਰਤ ਦੀ ਪੈਸਿਆਂ ਵਿੱਚ ਕੀਮਤ ਉਹੀ ਰਹਿੰਦੀ ਹੈ ਜਦ ਕਿ ਨਵੀਂ ਮਸ਼ੀਨਰੀ ਦੀ ਵਰਤੋਂ ਤੇ ਚੰਗੇ ਮੌਸਮ ਆਦਿ ਕਾਰਨ ਸਾਰੀਆਂ ਜ਼ਰਾਇਤੀ ਤੇ ਤਿਆਰਸ਼ੁਦਾ ਵਸਤਾਂ ਦੀ ਕੀਮਤ ਡਿੱਗ ਪਈ ਹੈ। ਓਨੇ ਹੀ ਪੈਸਿਆਂ ਲਈ, ਮਜ਼ਦੂਰ ਹੁਣ

ਹਰ ਪ੍ਰਕਾਰ ਦੀਆਂ ਵਧੇਰੇ ਜਿਣਸਾਂ ਖਰੀਦ ਸਕਦੇ ਹਨ। ਇਸ ਲਈ ਉਹਨਾਂ ਦੀਆਂ ਉਜਰਤਾਂ ਵੱਧ ਗਈਆਂ ਹਨ, ਸਿਰਫ਼ ਇਸ ਲਈ ਕਿ ਉਹਨਾਂ ਉਜਰਤਾਂ ਦੀ ਪੈਸਿਆਂ ਵਿੱਚ ਕਦਰ ਨਹੀਂ ਬਦਲੀ।

ਸੋ, ਕਿਰਤ ਦੀ ਪੈਸਿਆਂ ਵਿੱਚ ਕੀਮਤ, ਦਿਸਦੀ ਉਜਰਤ, ਅਸਲੀ ਉਜਰਤ ਨਾਲ਼, ਭਾਵ ਜਿਣਸਾਂ ਦੇ ਉਸ ਸਮੂਹ ਨਾਲ਼ ਬਰਾਬਰ ਨਹੀਂ ਬੈਠਦੀ ਜਿਹੜਾ ਉਜਰਤ ਦੇ ਵਟਾਂਦਰੇ ਵਿੱਚ ਅਸਲ ਵਿੱਚ ਦਿੱਤਾ ਜਾਂਦਾ ਹੈ। ਇਸ ਲਈ ਜੇ ਅਸੀਂ ਉਜਰਤਾਂ ਦੇ ਵਧਣ ਜਾਂ ਘੱਟਣ ਦੀ ਗੱਲ ਕਰਦੇ ਹਾਂ, ਤਾਂ ਸਾਨੂੰ ਕਿਰਤ ਦੀ ਸਿਰਫ਼ ਪੈਸਿਆਂ ਵਿੱਚਲੀ ਕੀਮਤ, ਦਿਸਦੀ ਕੀਮਤ, ਨੂੰ ਹੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਪਰ ਨਾ ਹੀ ਦਿਸਦੀ ਉਜਰਤ, ਭਾਵ, ਪੈਸਿਆਂ ਦੀ ਉਹ ਰਕਮ ਜਿਸ ਲਈ ਮਜ਼ਦੂਰ ਆਪਣੇ ਆਪ ਨੂੰ ਸਰਮਾਏਦਾਰ ਕੋਲ਼ ਵੇਚ ਦਿੰਦਾ ਹੈ, ਨਾ ਹੀ ਅਸਲੀ ਉਜਰਤ, ਭਾਵ, ਜਿਣਸਾਂ ਦਾ ਉਹ ਸਮੂਹ ਜਿਹੜਾ ਉਹ ਇਹਨਾਂ ਪੈਸਿਆਂ ਨਾਲ਼ ਖਰੀਦ ਸਕਦਾ ਹੈ, ਉਜਰਤਾਂ ਵਿੱਚ ਸ਼ਾਮਲ ਸਬੰਧਾਂ ਨੂੰ ਮੁਕਾ ਦਿੰਦਾ ਹੈ।

ਪਹਿਲੀ ਥਾਂ ਉੱਤੇ, ਲਾਭ ਨਾਲ਼, ਸਰਮਾਏਦਾਰ ਦੇ ਮੁਨਾਫੇ ਨਾਲ਼ ਉਜਰਤਾਂ ਦਾ ਸਬੰਧ ਵੀ ਉਹਨਾਂ ਨੂੰ ਨਿਸ਼ਚਿਤ ਕਰਦਾ ਹੈ — ਮੁਕਾਬਲਤਨ, ਸਬੰਧਕੀ ਉਜਰਤਾਂ।

ਅਸਲੀ ਉਜਰਤ ਦੂਜੀਆਂ ਜਿਣਸਾਂ ਦੀ ਕੀਮਤ ਦੇ ਸਬੰਧ ਵਿੱਚ ਕਿਰਤ ਦੀ ਕੀਮਤ ਪ੍ਰਗਟ ਕਰਦੀਆਂ ਹਨ; ਮੁਕਾਬਲਤਨ ਉਜਰਤ, ਦੂਜੇ ਪਾਸੇ, ਨਵੀਂ ਕਦਰ ਵਿੱਚ, ਜਿਹੜੀ ਕਿਰਤ ਵੱਲੋਂ ਸਿਰਜੀ ਜਾਂਦੀ ਹੈ, ਸਿੱਧੀ ਕਿਰਤ ਦੇ ਹਿੱਸੇ ਨੂੰ ਉਸ ਹਿੱਸੇ ਦੇ ਸਬੰਧ ਵਿੱਚ ਪ੍ਰਗਟ ਕਰਦੀ ਹੈ, ਜਿਹੜਾ ਇਕੱਤ੍ਰਿਤ ਕਿਰਤ, ਸਰਮਾਏ, ਵਿੱਚ ਰਲ ਜਾਂਦਾ ਹੈ।

ਅਸੀਂ ਉਪਰ ਸਫਾ 14* ਉੱਤੇ ਕਿਹਾ ਸੀ: "ਉਜਰਤ ਮਜ਼ਦੂਰ ਵੱਲੋਂ ਪੈਦਾ ਕੀਤੀ ਗਈ ਕਿਰਤ ਵਿੱਚ ਉਸਦਾ ਹਿੱਸਾ ਨਹੀਂ ਹੁੰਦੀ। ਉਜਰਤ ਪਹਿਲਾਂ ਹੀ ਮੌਜੂਦ ਜਿਣਸਾਂ ਦਾ ਹਿੱਸਾ ਹੁੰਦੀ ਹੈ, ਜਿਸ ਨਾਲ਼ ਸਰਮਾਏਦਾਰ ਆਪਣੇ ਲਈ ਉਪਜਾਊ ਕਿਰਤ ਸ਼ਕਤੀ ਦੀ ਨਿਸ਼ਚਿਤ ਮਾਤਰਾ ਖਰੀਦਦਾ ਹੈ।" ਪਰ ਸਰਮਾਏਦਾਰ ਨੂੰ ਇਹ ਉਜਰਤ ਉਸ ਕੀਮਤ ਵਿੱਚੋਂ ਪੂਰਨੀ ਜ਼ਰੂਰੀ ਹੁੰਦੀ ਹੈ ਜਿਸ ਕੀਮਤ ਉੱਤੇ ਉਹ ਮਜ਼ਦੂਰ ਵੱਲੋਂ ਪੈਦਾ ਕੀਤੀ ਗਈ ਉਪਜ ਨੂੰ ਵੇਚਦਾ ਹੈ; ਉਸ ਲਈ ਇਹ ਇਸ ਤਰੀਕੇ ਨਾਲ਼ ਪੂਰਨੀ ਜ਼ਰੂਰੀ ਹੁੰਦੀ ਹੈ ਕਿ, ਆਮ ਕਰਕੇ, ਉਸ ਵੱਲੋਂ ਖਰਚੀ ਗਈ ਉਤਪਾਦਨ ਦੀ ਲਾਗਤ ਤੋਂ ਵੱਧ ਕੁੱਝ, ਮੁਨਾਫਾ, ਉਸ ਕੋਲ਼ ਰਹਿ ਜਾਏ। ਜਿੱਥੋਂ ਤੱਕ ਸਰਮਾਏਦਾਰ ਦਾ ਸਵਾਲ ਹੈ, ਮਜ਼ਦੂਰ ਵੱਲੋਂ ਪੈਦਾ ਕੀਤੀਆਂ ਗਈਆਂ ਜਿਣਸਾਂ ਦੀ ਵਿਕਰੀ ਦੀ ਕੀਮਤ ਤਿੰਨ ਹਿੱਸਿਆਂ ਵਿੱਚ ਵੰਡੀ ਹੁੰਦੀ ਹੈ: **ਪਹਿਲਾ**, ਉਸ ਵੱਲੋਂ ਅਗੇਤੇ ਹੀ ਖਰਚੀ ਗਈ ਕੱਚੇ ਮਾਲ ਦੀ ਕੀਮਤ ਦੀ ਪੂਰਤੀ, ਸਮੇਤ ਸੰਦਾਂ, ਮਸ਼ੀਨਰੀ ਤੇ ਕਿਰਤ ਦੇ ਦੂਜੇ ਸਾਧਨਾਂ ਦੀ ਟੁੱਟ-ਭੱਜ ਦੀ ਪੂਰਤੀ ਦੇ, ਜੋ ਕਿ ਫਿਰ ਅਗੇਤੇ ਹੀ ਖਰਚ ਹੋਈ ਹੁੰਦੀ ਹੈ; **ਦੂਜਾ**, ਉਸ ਵੱਲੋਂ ਅਗੇਤੇ ਹੀ ਦਿੱਤੀਆਂ ਗਈਆਂ ਉਜਰਤਾਂ ਦੀ ਪੂਰਤੀ, ਤੇ **ਤੀਜਾ**,

---

* ਵੇਖੋ ਹੱਥਲੀ ਪੁਸਤਕ ਸਫਾ 17। **—ਸੰਪਾ.**

ਬਾਕੀ ਬਚੀ ਵਾਧੂ ਰਕਮ, ਸਰਮਾਏਦਾਰ ਦਾ ਮੁਨਾਫਾ। ਜਦ ਕਿ ਪਹਿਲਾ ਹਿੱਸਾ ਸਿਰਫ਼ **ਪਹਿਲਾਂ ਹੀ ਮੌਜੂਦ ਕਦਰਾਂ** ਦੀ ਥਾਂ ਪੂਰਦਾ ਹੈ, ਇਹ ਸਪਸ਼ਟ ਹੈ ਕਿ ਉਜਰਤਾਂ ਦੀ ਪੂਰਤੀ ਤੇ ਸਰਮਾਏਦਾਰ ਦਾ ਵਾਧੂ-ਮੁਨਾਫਾ, ਸਮੁੱਚੇ ਤੌਰ 'ਤੇ, **ਮਜ਼ਦੂਰ ਦੀ ਕਿਰਤ ਵੱਲੋਂ ਸਿਰਜੀ ਗਈ ਨਵੀਂ ਕਦਰ** ਵਿੱਚੋਂ ਆਉਂਦਾ ਹੈ ਤੇ ਕੱਚੇ ਮਾਲ ਵਿੱਚ ਜਮ੍ਹਾਂ ਕਰ ਦਿੱਤਾ ਜਾਂਦਾ ਹੈ। ਤੇ **ਇਹਨਾਂ ਅਰਥਾਂ ਵਿੱਚ**, ਉਹਨਾਂ ਦੀ ਇੱਕ ਦੂਜੇ ਨਾਲ਼ ਤੁਲਨਾ ਕਰਨ ਲਈ, ਅਸੀਂ ਉਜਰਤ ਤੇ ਮੁਨਾਫੇ, ਦੋਹਾਂ ਨੂੰ ਹੀ ਮਜ਼ਦੂਰ ਦੀ ਉਪਜ ਵਿਚਲੇ ਹਿੱਸੇ ਸਮਝ ਸਕਦੇ ਹਾਂ।

ਅਸਲੀ ਉਜਰਤਾਂ, ਹੋ ਸਕਦਾ ਹੈ, ਉਹੀ ਰਹਿਣ, ਹੋ ਸਕਦਾ ਹੈ ਉਹ ਸਗੋਂ ਵੱਧ ਵੀ ਜਾਣ, ਤੇ ਤਾਂ ਵੀ ਮੁਕਾਬਲਤਨ ਉਜਰਤਾਂ ਘੱਟ ਸਕਦੀਆਂ ਹਨ। ਉਦਾਹਰਣ ਵਜੋਂ, ਆਓ ਫਰਜ਼ ਕਰੀਏ ਕਿ ਰੋਜ਼ੀ ਦੇਸਾਰੇ ਸਾਧਨਾਂ ਦੀਆਂ ਕੀਮਤਾਂ ਦੋ ਤਿਹਾਈ ਡਿੱਗੀਆਂ ਹਨ, ਜਦ ਕਿ ਦਿਹਾੜੀ ਉਜਰਤਾਂ ਸਿਰਫ਼ ਇੱਕ ਤਿਹਾਈ ਘੱਟੀਆਂ ਹਨ, ਭਾਵ, ਉਦਾਹਰਣ ਵਜੋਂ, ਤਿੰਨ ਮਾਰਕ ਤੋਂ ਦੋ ਮਾਰਕ ਹੋਈਆਂ ਹਨ। ਭਾਵੇਂ ਮਜ਼ਦੂਰ ਇਹਨਾਂ ਦੋ ਮਾਰਕਾਂ ਨਾਲ਼ ਪਹਿਲਾਂ ਦੇ ਤਿੰਨ ਮਾਰਕਾਂ ਨਾਲ਼ੋਂ ਵਧੇਰੇ ਜਿਣਸਾਂ ਖਰੀਦ ਸਕਦਾ ਹੈ, ਤਾਂ ਵੀ ਸਰਮਾਏਦਾਰ ਦੇ ਮੁਨਾਫੇ ਦੇ ਸਬੰਧ ਵਿੱਚ ਉਸ ਦੀਆਂ ਉਜਰਤਾਂ ਘੱਟੀਆਂ ਹਨ। ਸਰਮਾਏਦਾਰ ਦਾ (ਉਦਾਹਰਣ ਵਜੋਂ, ਕਾਰਖਾਨੇਦਾਰ ਦਾ) ਮੁਨਾਫਾ ਇੱਕ ਮਾਰਕ ਵਧਿਆ ਹੈ; ਭਾਵ, ਵਟਾਂਦਰਾ ਕਦਰਾਂ ਦੀ ਅੱਗੇ ਨਾਲ਼ੋਂ ਥੋਹੜੀ ਮਾਤਰਾ ਲਈ ਜਿਹੜੀ ਉਹ ਮਜ਼ਦੂਰ ਨੂੰ ਅਦਾ ਕਰਦਾ ਹੈ, ਮਜ਼ਦੂਰ ਨੂੰ ਵਟਾਂਦਾਰਾ ਕਦਰਾਂ ਦੀ ਪਹਿਲਾਂ ਨਾਲ਼ੋਂ ਵਧੇਰੇ ਮਾਤਰਾ ਪੈਦਾ ਕਰਨੀ ਪੈਂਦੀ ਹੈ। ਕਿਰਤ ਦੇ ਹਿੱਸੇ ਨਾਲ਼ ਸਬੰਧਤ ਸਰਮਾਏ ਦਾ ਹਿੱਸਾ ਵੱਧ ਗਿਆ ਹੈ। ਕਿਰਤ ਤੇ ਸਰਮਾਏ ਵਿਚਕਾਰ ਸਮਾਜਕ ਧਨ ਦੀ ਵੰਡ ਹੋਰ ਵੀ ਜ਼ਿਆਦਾ ਨਾਬਰਾਬਰ ਹੋ ਗਈ ਹੈ। ਓਨੇ ਹੀ ਸਰਮਾਏ ਨਾਲ਼ ਸਰਮਾਏਦਾਰ ਕਿਰਤ ਦੀ ਵਧੇਰੇ ਮਾਤਰਾ ਪ੍ਰਾਪਤ ਕਰ ਲੈਂਦਾ ਹੈ। ਮਜ਼ਦੂਰ ਜਮਾਤ ਉੱਪਰ ਸਰਮਾਏਦਾਰ ਜਮਾਤ ਦੀ ਸੱਤ੍ਹਾ ਵੱਧ ਗਈ ਹੈ, ਮਜ਼ਦੂਰ ਦੀ ਸਮਾਜਕ ਪੋਜੀਸ਼ਨ ਡਿੱਗ ਗਈ ਹੈ, ਸਰਮਾਏਦਾਰ ਦੀ ਸਮਾਜਕ ਪੋਜੀਸ਼ਨ ਨਾਲ਼ੋਂ ਇੱਕ ਕਦਮ ਹੋਰ ਹੇਠਾਂ ਚਲੀ ਗਈ ਹੈ।

**ਤਾਂ ਫਿਰ, ਉਹ ਆਮ ਕਾਨੂੰਨ ਕੀ ਹੈ, ਜਿਹੜਾ ਉਜਰਤੰ ਤੇ ਮੁਨਾਫੇ ਦੇ ਪ੍ਰਸਪਰ ਸਬੰਧ ਵਿੱਚ ਉਹਨਾਂ ਦੇ ਘੱਟਣ ਵਧਣ ਨੂੰ ਨਿਸ਼ਚਿਤ ਕਰਦਾ ਹੈ ?**

**ਉਹ ਇੱਕ ਦੂਜੇ ਨਾਲ਼ ਉਲਟੀ ਨਿਸਬਤ ਰੱਖਦੇ ਹਨ। ਸਰਮਾਏ ਦਾ ਹਿੱਸਾ, ਮੁਨਾਫਾ, ਉਸੇ ਹੀ ਤਨਾਸਬ ਨਾਲ਼ ਵਧਦਾ ਹੈ ਜਿਸ ਨਾਲ਼ ਕਿਰਤ ਦਾ ਹਿੱਸਾ, ਉਜਰਤਾਂ, ਘੱਟਦੀਆਂ ਹਨ, ਤੇ ਇਸੇ ਤਰ੍ਹਾਂ ਹੀ ਇਸ ਤੋਂ ਉਲਟ ਵੀ। ਮੁਨਾਫਾ ਉਸ ਹੱਦ ਤੱਕ ਵਧਦਾ ਹੈ ਜਿਸ ਹੱਦ ਤੱਕ ਉਜਰਤਾਂ ਡਿੱਗਦੀਆਂ ਹਨ; ਇਹ ਉਸ ਹੱਦ ਤੱਕ ਘੱਟਦਾ ਹੈ ਜਿਸ ਹੱਦ ਤੱਕ ਉਜਰਤਾਂ ਵਧਦੀਆਂ ਹਨ।**

ਸ਼ਾਇਦ ਇਹ ਇਤਰਾਜ਼ ਉਠਾਇਆ ਜਾਇਆ ਕਿ ਸਰਮਾਏਦਾਰ ਦੂਜੇ ਸਰਮਾਏਦਾਰਾਂ ਨਾਲ਼ ਆਪਣੀਆਂ ਉਪਜਾਂ ਦੇ ਸੁਖਾਵੇਂ ਵਟਾਂਦਰੇ ਤੋਂ, ਆਪਣੀਆਂ ਜਿਣਸਾਂ ਦੀ ਵਧੀ ਮੰਗ ਤੋਂ ਮੁਨਾਫਾ ਕਮਾ ਸਕਦਾ ਹੈ, ਭਾਵੇਂ ਇਹ ਮੰਗ ਨਵੀਆਂ ਮੰਡੀਆਂ ਖੁਲ੍ਹਣ ਦੇ ਸਿੱਟੇ ਵਜੋਂ ਵੱਧ ਹੋਵੇ ਜਾਂ ਪੁਰਾਣੀਆਂ ਮੰਡੀਆਂ ਆਦਿ ਵਿੱਚ ਵਕਤੀ ਤੌਰ 'ਤੇ ਵਧੀ ਮੰਗ ਦਾ

ਸਿੱਟਾ ਹੋਵੇ; ਕਿ, ਇਸ ਲਈ, ਸਰਮਾਏਦਾਰ ਦਾ ਮੁਨਾਫਾ ਉਜਰਤਾਂ, ਦੇ, ਕਿਰਤ ਸ਼ਕਤੀ ਦੀ ਵਟਾਂਦਰਾ ਕਦਰ ਦੇ ਘੱਟਣ ਵਧਣ ਤੋਂ ਅਜ਼ਾਦ, ਦੂਜੇ ਸਰਮਾਏਦਾਰਾਂ ਨਾਲ਼ ਦਾਅ ਖੇਡਣ ਨਾਲ਼ ਵੱਧ ਸਕਦਾ ਹੈ; ਜਾਂ ਇਹ ਕਿ ਕਿਰਤ ਦੇ ਸੰਦਾਂ ਦੇ ਸੁਧਾਰ ਕਾਰਨ, ਕੁਦਰਤੀ ਸ਼ਕਤੀਆਂ ਦੀ ਨਵੀਂ ਵਰਤੋਂ ਆਦਿ ਕਾਰਨ ਹੋਏ ਵਾਧੇ ਕਰਕੇ ਵੀ ਸਰਮਾਏਦਾਰ ਦਾ ਮੁਨਾਫਾ ਵੱਧ ਸਕਦਾ ਹੈ।

ਪਹਿਲੀ ਗੱਲ ਤਾਂ ਇਹ ਕਿ ਇਹ ਮੰਨਣਾ ਪਵੇਗਾ ਕਿ ਨਤੀਜਾ ਉਹੀ ਰਹਿੰਦਾ ਹੈ ਭਾਵੇਂ ਕਿ ਇਹ ਉਲਟ ਅੰਦਾਜ਼ ਨਾਲ਼ ਕੱਢਿਆ ਜਾਂਦਾ ਹੈ। ਠੀਕ ਹੈ ਕਿ ਮੁਨਾਫਾ ਇਸ ਲਈ ਨਹੀਂ ਵਧਿਆ ਕਿ ਉਜਰਤਾਂ ਘੱਟ ਗਈਆਂ ਹਨ, ਪਰ ਉਜਰਤਾਂ ਘੱਟ ਗਈਆਂ ਹਨ ਕਿਉਂਕਿ ਮੁਨਾਫਾ ਵੱਧ ਗਿਆ ਹੈ। ਦੂਜੇ ਲੋਕਾਂ ਦੀ ਕਿਰਤ ਦੀ ਉਸੇ ਹੀ ਮਾਤਰਾ ਨਾਲ਼, ਸਰਮਾਏਦਾਰ ਨੇ ਵਟਾਂਦਰਾ ਕਦਰਾਂ ਦੀ ਵਧੇਰੇ ਮਾਤਰਾ ਪ੍ਰਾਪਤ ਕਰ ਲਈ ਹੈ, ਇਸ ਦੀ ਖਾਤਰ ਕਿਰਤ ਲਈ ਕੁੱਝ ਵੀ ਵਧੇਰੇ ਦੇਣ ਤੋਂ ਬਿਨਾਂ; ਭਾਵ, ਇਸ ਲਈ, ਕੁੱਲ ਮੁਨਾਫੇ ਦੀ ਤਨਾਸਬ ਵਿਚ, ਜਿਹੜਾ ਕਿ ਕਿਰਤ ਸਰਮਾਏਦਾਰ ਲਈ ਪੈਦਾ ਕਰਦੀ ਹੈ, ਕਿਰਤ ਨੂੰ ਘੱਟ ਦਿੱਤਾ ਜਾਂਦਾ ਹੈ।

ਇਸ ਤੋਂ ਛੁੱਟ ਅਸੀਂ ਯਾਦ ਕਰੀਏ ਕਿ ਜਿਣਸਾਂ ਦੀਆਂ ਕੀਮਤਾਂ ਵਿਚਲੇ ਵਧਾਵਾਂ-ਚੜ੍ਹਾਵਾਂ ਦੇ ਬਾਵਜੂਦ, ਹਰ ਜਿਣਸ ਦੀ ਔਸਤ ਕੀਮਤ, ਉਹ ਨਿਸਬਤ ਜਿਸ ਵਿੱਚ ਇਹ ਦੂਜੀਆਂ ਜਿਣਸਾਂ ਨਾਲ਼ ਵਟਾਈ ਜਾਂਦੀ ਹੈ, **ਇਸ ਦੇ ਉਤਪਾਦਨ ਦੀ ਲਾਗਤ ਨਾਲ਼** ਨਿਸ਼ਚਿਤ ਹੁੰਦੀ ਹੈ। ਇਸ ਲਈ ਸਰਮਾਏਦਾਰ ਜਮਾਤ ਦੇ ਅੰਦਰ ਅੰਦਰ ਦਾਅ ਖੇਡਣਾ ਇੱਕ ਦੂਜੇ ਨੂੰ ਲਾਜ਼ਮੀ ਤੌਰ ’ਤੇ ਸਾਵਾਂ ਕਰਦਾ ਹੈ। ਮਸ਼ੀਨਰੀ ਦਾ ਸੁਧਾਰ, ਉਤਪਾਦਨ ਦੀ ਸੇਵਾ ਵਿੱਚ ਕੁਦਰਤੀ ਸੋਮਿਆਂ ਦੀ ਨਵੀਂ ਵਰਤੋਂ, ਕਿਰਤ ਤੇ ਸਰਮਾਏ ਦੀ ਉਸੇ ਮਾਤਰਾ ਨਾਲ਼, ਪਰ ਕਿਸੇ ਤਰ੍ਹਾਂ ਵੀ ਵਟਾਂਦਰਾ ਕਦਰਾਂ ਦੀ ਵਧੇਰੇ ਮਾਤਰਾ ਤੋਂ ਬਿਨਾਂ, ਖਾਸ ਸਮੇਂ ਵਿੱਚ ਉਪਜਾਂ ਦੀ ਵਧੇਰੇ ਮਾਤਰਾ ਪੈਦਾ ਕਰਨ ਦੇ ਯੋਗ ਬਣਾਉਂਦੀ ਹੈ। ਜੇ, ਕਤਾਈ ਮਸ਼ੀਨ ਦੀ ਵਰਤੋਂ ਨਾਲ਼, ਮੈਂ ਇਸ ਦੀ ਕਾਢ ਤੋਂ ਪਹਿਲਾਂ ਨਾਲ਼ੋਂ ਦੁਗਣਾ ਧਾਗਾ ਕੱਤ ਸਕਦਾ ਹਾਂ, ਫਰਜ਼ ਕਰ ਲਵੋ ਕਿ ਪੰਜਾਹ ਦੀ ਥਾਂ ਸੌ ਪੌਂਡ, ਤਾਂ ਸਮਾਂ ਪਾ ਕੇ ਮੈਨੂੰ ਇਹਨਾਂ ਸੌ ਪੌਂਡਾਂ ਦੇ ਵਟਾਂਦਰੇ ਵਿੱਚ ਉਸ ਨਾਲ਼ੋਂ ਵਧੇਰੇ ਜਿਣਸਾਂ ਨਹੀਂ ਮਿਲਣਗੀਆਂ, ਜਿੰਨੀਆਂ ਪਹਿਲਾਂ ਪੰਜਾਹ ਪੌਂਡ ਲਈ ਮਿਲਦੀਆਂ ਸਨ, ਕਿਉਂਕਿ ਉਤਪਾਦਨ ਦੀ ਲਾਗਤ ਅੱਧੀ ਰਹਿ ਗਈ ਹੈ, ਜਾਂ ਕਿਉਂਕਿ ਮੈਂ ਉਸੇ ਹੀ ਲਾਗਤ ਨਾਲ਼ ਦੁਗਣੀ ਉਪਜ ਕਢ ਸਕਦਾ ਹਾਂ।

ਆਖਰੀ ਗੱਲ, ਸਰਮਾਏਦਾਰ ਜਮਾਤ, ਬੁਰਜੂਆਜ਼ੀ, ਭਾਵੇਂ ਉਹ ਇੱਕ ਦੇਸ਼ ਦੀ ਹੋਵੇ ਜਾਂ ਕਿ ਸਾਰੀ ਸੰਸਾਰ ਮੰਡੀ ਦੀ, ਉਤਪਾਦਨ ਦੇ ਅਸਲ ਮੁਨਾਫੇ ਨੂੰ ਆਪਸ ਵਿੱਚ ਭਾਵੇਂ ਕਿਸੇ ਵੀ ਤਨਾਸਬ ਵਿੱਚ ਵੰਡੇ, ਇਸ ਅਸਲ ਮੁਨਾਫੇ ਦੀ ਕੁੱਲ ਰਕਮ ਵਿੱਚ ਹਮੇਸ਼ਾ ਹੀ ਸਿਰਫ਼ ਉਹ ਮਾਤਰਾ ਆਉਂਦੀ ਹੈ ਜਿਸ ਦਾ, ਸਮੁੱਚੇ ਤੌਰ ’ਤੇ, ਸਿੱਧੀ ਕਿਰਤ ਵੱਲੋਂ ਇਕੱਤ੍ਰਿਤ ਹੋਈ ਕਿਰਤ ਵਿੱਚ ਵਾਧਾ ਕੀਤਾ ਜਾਂਦਾ ਹੈ। ਇਸ ਲਈ ਇਹ ਕੁੱਲ ਮਾਤਰਾ ਉਸੇ ਤਨਾਸਬ ਵਿੱਚ ਵਧਦੀ ਹੈ ਜਿਸ ਵਿੱਚ ਕਿਰਤ ਸਰਮਾਏ ਨੂੰ ਵਧਾਉਂਦੀ ਹੈ, ਭਾਵ, ਉਸ ਤਨਾਸਬ ਵਿੱਚ, ਜਿਸ ਵਿੱਚ ਉਜਰਤਾਂ ਦੇ ਮੁਕਾਬਲੇ ਵਿੱਚ ਮੁਨਾਫਾ ਵੱਧਦਾ ਹੈ।

ਇਸ ਲਈ, ਅਸੀਂ ਦੇਖਦੇ ਹਾਂ ਕਿ ਜੇ ਅਸੀਂ **ਸਰਮਾਏ ਤੇ ਉਜਰਤੀ ਕਿਰਤ ਦੇ ਸਬੰਧ ਦੇ ਅੰਦਰ ਅੰਦਰ ਵੀ** ਰਹੀਏ, ਤਾਂ **ਵੀ ਸਰਮਾਏ ਦੇ ਹਿੱਤ ਤੇ ਉਜਰਤੀ ਕਿਰਤ ਦੇ ਹਿੱਤ ਇੱਕ ਦੂਜੇ ਦੇ ਬਿਲਕੁੱਲ ਉਲਟ ਹਨ।**

ਸਰਮਾਏ ਦਾ ਤੇਜ਼ ਵਾਧਾ ਮੁਨਾਫੇ ਦੇ ਤੇਜ਼ ਵਾਧੇ ਦੇ ਬਰਾਬਰ ਹੁੰਦਾ ਹੈ। ਮੁਨਾਫਾ ਸਿਰਫ਼ ਤਾਂ ਹੀ ਤੇਜ਼ੀ ਨਾਲ਼ ਵੱਧ ਸਕਦਾ ਹੈ ਜੇ ਕਿਰਤ ਦੀ ਕੀਮਤ, ਜੇ ਸਬੰਧਕੀ ਉਜਰਤਾਂ ਉਸੇ ਤੇਜ਼ੀ ਨਾਲ਼ ਘੱਟਣ। ਸਬੰਧਕੀ ਉਜਰਤਾਂ ਜੇ ਉਸੇ ਹੀ ਤਨਾਸਬ ਨਾਲ਼ ਨਹੀਂ ਵੱਧਦੀਆਂ ਜਿਸ ਨਾਲ਼ ਮੁਨਾਫਾ ਵੱਧਦਾ ਹੈ, ਤਾਂ ਇਹ ਡਿੱਗ ਸਕਦੀਆਂ ਹਨ ਭਾਵੇਂ ਦਿਸਦੀਆਂ ਉਜਰਤਾਂ, ਕਿਰਤ ਦੀ ਪੈਸਿਆਂ ਵਿੱਚ ਕਦਰ, ਦੇ ਨਾਲ਼ੋਂ ਨਾਲ਼ ਅਸਲੀ ਉਜਰਤਾਂ ਵੀ ਕਿਉਂ ਨਾ ਵੱਧ ਜਾਣ। ਜੇ, ਉਦਾਹਰਣ ਵਜੋਂ, ਐਸੇ ਸਮਿਆਂ ਵਿੱਚ ਜਦੋਂ ਕਾਰੋਬਾਰ ਚੰਗਾ ਹੈ, ਉਜਰਤਾਂ ਵਿੱਚ ਪੰਜ ਫੀਸਦੀ ਵਾਧਾ ਹੁੰਦਾ ਹੈ, ਪਰ ਮੁਨਾਫਾ ਦੂਜੇ ਪਾਸੇ ਤੀਹ ਫੀਸਦੀ ਵੱਧ ਜਾਂਦਾ ਹੈ, ਤਾਂ ਸਬੰਧਕੀ, ਮੁਕਾਬਲਤਨ ਉਜਰਤਾਂ, **ਵਧੀਆਂ ਨਹੀਂ** ਸਗੋਂ **ਘਟੀਆਂ ਹਨ।**

ਇਸ ਤਰ੍ਹਾਂ ਜੇ ਮਜ਼ਦੂਰ ਦੀ ਆਮਦਨ ਸਰਮਾਏ ਦੇ ਤੇਜ਼ ਵਾਧੇ ਨਾਲ਼ ਵੱਧਦੀ ਹੈ, ਤਾਂ ਨਾਲ਼ ਹੀ ਸਰਮਾਏਦਾਰ ਨਾਲ਼ੋਂ ਮਜ਼ਦੂਰ ਨੂੰ ਵੱਖ ਕਰਨ ਵਾਲ਼ੀ ਸਮਾਜਕ ਖਾਈ ਵੀ ਵੱਧਦੀ ਹੈ ਤੇ ਨਾਲ਼ ਹੀ ਇਸੇ ਤਰ੍ਹਾਂ ਕਿਰਤ ਉੱਪਰ ਸਰਮਾਏ ਦੀ ਸੱਤ੍ਹਾ, ਸਰਮਾਏ ਉੱਪਰ ਕਿਰਤ ਦੀ ਨਿਰਭਰਤਾ ਵੀ ਵੱਧਦੀ ਹੈ।

ਇਹ ਕਹਿਣਾ ਕਿ ਸਰਮਾਏ ਦੇ ਤੇਜ਼ ਵਾਧੇ ਵਿੱਚ ਮਜ਼ਦੂਰ ਦੀ ਦਿਲਚਸਪੀ ਹੈ ਸਿਰਫ਼ ਇਹ ਕਹਿਣ ਦੇ ਬਰਾਬਰ ਹੈ ਕਿ ਮਜ਼ਦੂਰ ਦੂਜਿਆਂ ਦੇ ਧਨ ਵਿੱਚ ਜਿੰਨੀ ਤੇਜ਼ੀ ਨਾਲ਼ ਵਾਧਾ ਕਰਦਾ ਹੈ, ਉਸ ਨੂੰ ਸੁੱਟੇ ਜਾਂਦੇ ਸਿੱਕੜ ਓਨੇ ਹੀ ਜ਼ਿਆਦਾ ਹੋਣਗੇ, ਮਜ਼ਦੂਰਾਂ ਦੀ ਗਿਣਤੀ ਜਿੰਨੀ ਜ਼ਿਆਦਾ ਹੋਵੇਗੀ ਜਿਨ੍ਹਾਂ ਨੂੰ ਕੰਮ ਉੱਤੇ ਲਾਇਆ ਤੇ ਹੋਂਦ ਵਿੱਚ ਲਿਆਂਦਾ ਜਾ ਸਕਦਾ ਹੈ, ਸਰਮਾਏ ਉੱਤੇ ਨਿਰਭਰ ਗੁਲਾਮਾਂ ਦੀ ਗਿਣਤੀ ਉੱਨੀ ਹੀ ਜ਼ਿਆਦਾ ਵਧਾਈ ਜਾ ਸਕਦੀ ਹੈ।

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ:

ਮਜ਼ਦੂਰ ਜਮਾਤ ਲਈ **ਅਤਿ ਸੁਖਾਵੀਂ ਹਾਲਤ ਵੀ**, **ਸਰਮਾਏ ਦਾ ਵੱਧ ਤੋਂ ਵੱਧ ਸੰਭਵ ਤੇਜ਼ ਵਾਧਾ**, ਭਾਵੇਂ ਇਹ ਮਜ਼ਦੂਰ ਦੀ ਪਦਾਰਥਕ ਹੋਂਦ ਨੂੰ ਕਿੰਨਾਂ ਵੀ ਚੰਗੇਰਾ ਕਿਉਂ ਨਾ ਬਣਾ ਦੇਵੇ, ਉਸਦੇ ਹਿੱਤਾਂ ਤੇ ਬੁਰਜੂਆਜ਼ੀ ਦੇ ਹਿੱਤਾਂ, ਸਰਮਾਏਦਾਰਾਂ ਦੇ ਹਿੱਤਾਂ ਵਿਚਲੇ ਵਿਰੋਧ ਨੂੰ ਖਤਮ ਨਹੀਂ ਕਰਦੀ। ਪਹਿਲਾਂ ਵਾਂਗ ਹੀ **ਮੁਨਾਫਾ ਤੇ ਉਜਰਤਾਂ ਉਲਟੀ ਤਨਾਸਬ** ਵਿੱਚ ਹੀ ਰਹਿੰਦੇ ਹਨ।

ਜੇ ਸਰਮਾਇਆ ਤੇਜ਼ੀ ਨਾਲ਼ ਵੱਧ ਰਿਹਾ ਹੈ ਤਾਂ, ਹੋ ਸਕਦਾ ਹੈ, ਉਜਰਤਾਂ ਵੱਧ ਜਾਣ; ਸਰਮਾਏ ਦਾ ਮੁਨਾਫਾ ਬੇਹਿਸਾਬੀ ਵਧੇਰੇ ਤੇਜ਼ੀ ਨਾਲ਼ ਵੱਧਦਾ ਹੈ। ਮਜ਼ਦੂਰ ਦੀ ਪਦਾਰਥਕ ਪੋਜੀਸ਼ਨ ਸੁਧਰੀ ਹੈ, ਪਰ ਉਸ ਦੀ ਸਮਾਜਕ ਪੋਜੀਸ਼ਨ ਦੀ ਕੀਮਤ ਉੱਤੇ। ਉਸ ਨੂੰ ਸਰਮਾਏਦਾਰ ਨਾਲ਼ੋਂ ਨਿਖੇੜਨ ਵਾਲ਼ੀ ਸਮਾਜਕ ਖਾਈ ਵਧੇਰੇ ਚੌੜੀ ਹੋਈ ਹੈ।

ਆਖਰੀ ਗੱਲ:

ਇਹ ਕਹਿਣਾ ਕਿ ਉਜਰਤੀ ਕਿਰਤ ਲਈ ਸਭ ਤੋਂ ਵੱਧ ਸੁਖਾਵੀਂ ਹਾਲਤ ਉਤਪਾਦਕ ਸਰਮਾਏ ਦਾ ਵੱਧ ਤੋਂ ਵੱਧ ਸੰਭਵ ਤੇਜ਼ ਵਾਧਾ ਹੈ, ਸਿਰਫ਼ ਇਹ ਕਹਿਣ ਦੇ ਬਰਾਬਰ ਹੈ ਕਿ ਮਜ਼ਦੂਰ ਜਮਾਤ ਜਿੰਨੀ ਜ਼ਿਆਦਾ ਤੇਜ਼ੀ ਨਾਲ਼ ਆਪਣੀ ਵਿਰੋਧੀ ਤਾਕਤ ਨੂੰ, ਉਸ ਧਨ ਨੂੰ ਜਿਹੜਾ ਇਸ ਦਾ ਨਹੀਂ ਤੇ ਇਸ ਉੱਪਰ ਰਾਜ ਕਰਦਾ ਹੈ, ਵਧਾਉਂਦੀ ਤੇ ਪਸਾਰਦੀ ਹੈ, ਓਨੀਆਂ ਹੀ ਵਧੇਰੇ ਸੁਖਾਵੀਆਂ ਉਹ ਹਾਲਤਾਂ ਹੋਣਗੀਆਂ ਜਿਨ੍ਹਾਂ ਵਿੱਚ ਬੁਰਜੂਆ ਧਨ ਨੂੰ ਵਧਾਉਣ ਲਈ, ਸਰਮਾਏ ਦੀ ਤਾਕਤ ਨੂੰ ਪਸਾਰਨ ਲਈ ਨਵੇਂ ਸਿਰਿਓਂ ਕਿਰਤ ਕਰਨ ਦੀ ਆਗਿਆ ਹੁੰਦੀ ਹੈ, ਆਪਣੇ ਆਪ ਲਈ ਸੁਨਹਿਰੀ ਜ਼ੰਜੀਰਾਂ ਢਾਲਣ ਨਾਲ਼ ਸੰਤੁਸ਼ਟ ਰਹਿੰਦਿਆਂ, ਜਿਨ੍ਹਾਂ ਨਾਲ਼ ਬੁਰਜੂਆਜ਼ੀ ਇਸ ਨੂੰ ਆਪਣੇ ਪਿੱਛੇ ਪਿੱਛੇ ਧੂੰਹਦੀ ਹੈ।

ਕੀ **ਉਤਪਾਦਕ ਸਰਮਾਏ ਦਾ ਵਾਧਾ** ਤੇ **ਉਜਰਤਾਂ ਦਾ ਵਾਧਾ** ਸੱਚਮੁੱਚ ਏਨੇ ਹੀ ਅਨਿੱਖੜ ਤੌਰ ’ਤੇ ਜੁੜੇ ਹੋਏ ਹਨ ਜਿਵੇਂ ਕਿ ਬੁਰਜੂਆ ਅਰਥ-ਵਿਗਿਆਨੀ ਵਿਸ਼ਵਾਸ ਕਰਦੇ ਹਨ ? ਸਾਨੂੰ ਉਹਨਾਂ ਦੇ ਲਫਜ਼ਾਂ ਉੱਤੇ ਯਕੀਨ ਨਹੀਂ ਕਰਨਾ ਚਾਹੀਦਾ। ਸਾਨੂੰ ਉਹਨਾਂ ਉੱਤੇ ਉਦੋਂ ਵੀ ਯਕੀਨ ਨਹੀਂ ਕਰਨਾ ਚਾਹੀਦਾ ਜਦੋਂ ਉਹ ਕਹਿੰਦੇ ਹਨ ਕਿ ਸਰਮਾਇਆ ਜਿੰਨਾ ਜ਼ਿਆਦਾ ਮੋਟਾ ਹੋਵੇਗਾ, ਇਸ ਦਾ ਗੁਲਾਮ ਓਨਾ ਹੀ ਜ਼ਿਆਦਾ ਚੰਗਾ ਖਾਂਦਾ-ਪੀਂਦਾ ਹੋਵੇਗਾ। ਬੁਰਜੂਆਜ਼ੀ ਏਨੀ ਜ਼ਿਆਦਾ ਪ੍ਰਬੁੱਧ ਹੈ, ਇਹ ਏਨੀ ਚੰਗੀ ਤਰ੍ਹਾਂ ਹਿਸਾਬ-ਕਿਤਾਬ ਕਰਦੀ ਹੈ ਕਿ ਸਾਮੰਤੀ ਸ਼ਾਹ ਦੇ ਤੁਅੱਸਬਾਂ ਵਿੱਚ ਭਿਆਲ ਨਹੀਂ ਹੋ ਸਕਦੀ ਜਿਹੜਾ ਆਪਣੇ ਨੌਕਰਾਂ-ਚਾਕਰਾਂ ਦੀ ਚਮਕ-ਦਮਕ ਨਾਲ਼ ਆਪਣਾ ਦਿਖਾਵਾ ਕਰਦਾ ਹੈ। ਬੁਰਜੂਆਜ਼ੀ ਦੀ ਹੋਂਦ ਦੀਆਂ ਹਾਲਤਾਂ ਇਸ ਨੂੰ ਹਿਸਾਬ-ਕਿਤਾਬ ਕਰਨ ਲਈ ਮਜਬੂਰ ਕਰਦੀਆਂ ਹਨ।

ਇਸ ਲਈ ਸਾਨੂੰ ਵਧੇਰੇ ਗਹੁ ਨਾਲ਼ ਨਿਰਖ-ਪਰਖ ਕਰਨੀ ਚਾਹੀਦੀ ਹੈ:

**ਉਤਪਾਦਕ ਸਰਮਾਏ ਦਾ ਵਾਧਾ ਉਜਰਤਾਂ ਉੱਪਰ ਕਿਵੇਂ ਅਸਰ ਪਾਉਂਦਾ ਹੈ ?**

ਜੇ, ਸਮੁੱਚੇ ਤੌਰ ’ਤੇ, ਬੁਰਜੂਆ ਸਮਾਜ ਦਾ ਉਤਪਾਦਕ ਸਰਮਾਇਆ ਵੱਧਦਾ ਹੈ, ਤਾਂ **ਵਧੇਰੇ ਬਹੁਪੱਖੀ** ਕਿਰਤ ਦਾ ਇਕੱਤ੍ਰੀਕਰਨ ਹੁੰਦਾ ਹੈ। ਸਰਮਾਏ ਗਿਣਤੀ ਤੇ ਪਸਾਰ ਵਿੱਚ ਵੱਧਦੇ ਹਨ। ਸਰਮਾਇਆ ਦਾ ਇਹ ਗਿਣਤੀ ਵਿਚਾਲਾ **ਵਾਧਾ ਸਰਮਾਏਦਾਰਾਂ ਵਿਚਕਾਰ ਮੁਕਾਬਲੇ ਨੂੰ** ਵੱਧਾ ਦਿੰਦਾ ਹੈ। ਸਰਮਾਇਆ ਦਾ **ਵਧਦਾ ਪਸਾਰ ਸਨਅਤੀ ਰਣਭੂਮੀ ਵਿੱਚ ਜੰਗ ਦੇ ਵਧੇਰੇ ਧੜਵੈਲ ਸੰਦਾਂ ਵਾਲ਼ੀਆਂ ਵਧੇਰੇ ਸ਼ਕਤੀਸ਼ਾਲੀ ਕਿਰਤ ਫੌਜਾਂ ਲਿਆਉਣ ਦੇ ਸਾਧਨ** ਮੁਹੱਈਆ ਕਰਦਾ ਹੈ।

ਸਿਰਫ਼ ਵਧੇਰੇ ਸਸਤਾ ਵੇਚ ਕੇ ਹੀ ਇੱਕ ਸਰਮਾਏਦਾਰ ਦੂਜੇ ਨੂੰ ਮੈਦਾਨੋਂ ਕੱਢ ਸਕਦਾ ਤੇ ਉਸ ਦੇ ਸਰਮਾਏ ਉੱਤੇ ਕਬਜ਼ਾ ਕਰ ਸਕਦਾ ਹੈ। ਆਪਣੇ ਆਪ ਨੂੰ ਤਬਾਹ ਕੀਤੇ ਬਿਨਾਂ ਵਧੇਰੇ ਸਸਤੇ ਭਾਅ ਵੇਚਣ ਲਈ ਉਸ ਵਾਸਤੇ ਜ਼ਰੂਰੀ ਹੈ ਕਿ ਉਹ ਵਧੇਰੇ ਸਕਤੇ ਭਾਅ ਪੈਦਾ ਕਰੇ, ਭਾਵ, ਜਿੱਥੋਂ ਤੱਕ ਸੰਭਵ ਹੋ ਸਕੇ ਕਿਰਤ ਦੀ ਉਤਪਾਦਕ ਸ਼ਕਤੀ ਵਿੱਚ ਵਾਧਾ ਕਰੇ। ਪਰ, ਪਹਿਲੀ ਥਾਂ ਉੱਤੇ, **ਕਿਰਤ ਦੀ ਵਧੇਰੇ ਵੰਡ ਨਾਲ਼**, **ਮਸ਼ੀਨਰੀ** ਦੀ ਵਧੇਰੇ ਸਰਬਵਿਆਪੀ ਵਰਤੋਂ ਤੇ ਇਸ ਦੇ ਲਗਾਤਾਰ ਸੁਧਾਰ ਨਾਲ਼ ਹੀ ਕਿਰਤ ਦੀ ਉਤਪਾਦਕ ਸ਼ਕਤੀ ਵਧਾਈ ਜਾਂਦੀ ਹੈ। ਕਿਰਤ ਦੀ ਫੌਜ, ਜਿਸ ਵਿੱਚ ਕਿਰਤ ਵੰਡੀ ਜਾਂਦੀ ਹੈ, ਜਿੰਨੀ

ਜ਼ਿਆਦਾ ਵੱਡੀ ਹੁੰਦੀ ਹੈ, ਮਸ਼ੀਨਰੀ ਨੂੰ ਵੱਡੇਰੇ ਪੈਮਾਨੇ ਉੱਤੇ ਲਾਗੂ ਕੀਤਾ ਜਾਂਦਾ ਹੈ, ਉਤਪਾਦਨ ਦੀ ਲਾਗਤ ਉਸੇ ਤਨਾਸਬ ਨਾਲ਼ ਹੀ ਘੱਟਦੀ ਹੈ, ਕਿਰਤ ਓਨੀ ਹੀ ਜ਼ਿਆਦਾ ਫਲਦਾਇਕ ਹੁੰਦੀ ਹੈ। ਇਸ ਲਈ, ਕਿਰਤ ਦੀ ਵੰਡ ਤੇ ਮਸ਼ੀਨਰੀ ਨੂੰ ਵਧਾਉਣ ਲਈ ਤੇ ਵੱਧ ਤੋਂ ਵੱਧ ਸੰਭਵ ਪੈਮਾਨੇ ਉੱਤੇ ਉਹਨਾਂ ਦੀ ਵਰਤੋਂ ਕਰਨ ਲਈ ਸਰਮਾਏਦਾਰਾਂ ਵਿਚਕਾਰ ਆਮ ਮੁਕਾਬਲਾ ਸ਼ੁਰੂ ਹੋ ਜਾਂਦਾ ਹੈ।

ਹੁਣ, ਜੇ ਕਿਰਤ ਦੀ ਵਧੇਰੇ ਵੰਡ ਨਾਲ਼, ਨਵੀਆਂ ਮਸ਼ੀਨਾਂ ਦੀ ਵਰਤੋਂ ਤੇ ਉਹਨਾਂ ਦੇ ਸੁਧਾਰ ਨਾਲ਼, ਕੁਦਰਤੀ ਸ਼ਕਤੀਆਂ ਦੀ ਵਧੇਰੇ ਲਾਭਕਾਰੀ ਤੇ ਵਿਸ਼ਾਲ ਵਰਤੋਂ ਨਾਲ਼, ਇੱਕ ਸਰਮਾਏਦਾਰ ਨੇ ਕਿਰਤ ਦੀ ਜਾਂ ਇਕੱਤ੍ਰਿਤ ਕਿਰਤ ਦੀ ਉਸੇ ਹੀ ਮਾਤਰਾ ਨਾਲ਼ ਆਪਣੇ ਪ੍ਰਤੀਯੋਗੀ ਨਾਲ਼ੋਂ ਉਪਜਾਂ ਦੀ, ਜਿਣਸਾਂ ਦੀ ਵਧੇਰੇ ਮਾਤਰਾ ਪੈਦਾ ਕਰਨ ਦਾ ਸਾਧਨ ਲੱਭ ਲਿਆ ਹੈ, ਜੇ, ਉਦਾਹਰਣ ਵਜੋਂ, ਉਹ ਲਿਨਨ ਦਾ ਪੂਰਾ ਇੱਕ ਗਜ਼ ਓਨੇ ਹੀ ਕਿਰਤ-ਸਮੇਂ ਵਿੱਚ ਪੈਦਾ ਕਰ ਸਕਦਾ ਹੈ ਜਿੰਨੇ ਸਮੇਂ ਵਿੱਚ ਉਸ ਦਾ ਪ੍ਰਤੀਯੋਗੀ ਅੱਧਾ ਗਜ਼ ਤਿਆਰ ਕਰਦਾ ਹੈ, ਤਾਂ ਇਹ ਸਰਮਾਏਦਾਰ ਕਿਵੇਂ ਵਿਹਾਰ ਕਰੇਗਾ ?

ਉਹ ਮੰਡੀ ਵਿਚਲੀ ਪੁਰਾਣੀ ਕੀਮਤ ਉੱਤੇ ਲਿਨਨ ਦਾ ਅੱਧਾ ਗਜ਼ ਵੇਚਣਾ ਜਾਰੀ ਰੱਖ ਸਕਦਾ ਹੈ; ਪਰ ਇਹ ਉਸ ਦੇ ਵਿਰੋਧੀ ਨੂੰ ਮੈਦਾਨੋਂ ਕੱਢਣ ਤੇ ਆਪਣੀ ਵਿਕਰੀ ਵਧਾਉਣ ਦਾ ਕੋਈ ਸਾਧਨ ਨਹੀਂ ਬਣੇਗਾ। ਪਰ ਜਿਸ ਹਿਸਾਬ ਨਾਲ਼ ਉਸ ਦਾ ਉਤਪਾਦਨ ਵਧਿਆ ਹੈ, ਉਸੇ ਹੀ ਹਿਸਾਬ ਨਾਲ਼ ਵੇਚਣ ਦੀ ਉਸ ਦੀ ਲੋੜ ਵੱਧੀ ਹੈ। ਉਤਪਾਦਨ ਦੇ ਵਧੇਰੇ ਸ਼ਕਤੀਸ਼ਾਲੀ ਤੇ ਕੀਮਤੀ ਸਾਧਨ, ਜਿਨ੍ਹਾਂ ਨੂੰ ਉਸਨੇ ਹੋਂਦ ਵਿਚ ਲਿਆਂਦਾ ਹੈ, ਸੱਚਮੁੱਚ ਉਸ ਨੂੰ ਆਪਣੀਆਂ ਜਿਣਸਾਂ ਵਧੇਰੇ ਸਸਤੇ ਭਾਅ ਵੇਚਣ ਦੇ **ਸਮਰੱਥ ਬਣਾਉਂਦੇ ਹਨ**, ਪਰ ਨਾਲ਼ ਹੀ ਉਹ ਉਸ ਨੂੰ **ਵਧੇਰੇ ਜਿਣਸਾਂ ਵੇਚਣ ਲਈ**, ਆਪਣੀਆਂ ਜਿਣਸਾਂ ਵਾਸਤੇ ਕਿਤੇ **ਵਡੇਰੀ** ਮੰਡੀ ਕਾਬੂ ਕਰਨ ਲਈ **ਮਜਬੂਰ** ਕਰਦੇ ਹਨ; ਇਸ ਦੇ ਸਿੱਟੇ ਵਜੋਂ, ਸਾਡਾ ਸਰਮਾਏਦਾਰ ਲਿਨਨ ਦਾ ਆਪਣਾ ਅੱਧਾ ਗਜ਼ ਆਪਣੇ ਪ੍ਰਤੀਯੋਗੀ ਨਾਲ਼ੋਂ ਵਧੇਰੇ ਸਸਤਾ ਵੇਚੇਗਾ।

ਪਰ ਸਰਮਾਏਦਾਰ ਸਾਰੇ ਗਜ਼ ਨੂੰਨੂੰ ਏਨੇ ਸਸਤੇ ਭਾਅ ਨਹੀਂ ਵੇਚੇਗਾ ਜਿੰਨੇ ਲਈ ਉਸ ਦਾ ਪ੍ਰਤੀਯੋਗੀ ਅੱਧਾ ਗਜ਼ ਵੇਚਦਾ ਹੈ, ਭਾਵੇਂ ਪੂਰੇ ਗਜ਼ ਦੇ ਉਤਪਾਦਨ ਉੱਤੇ ਉਸ ਦੇ ਉਸ ਤੋਂ ਵਧੇਰੇ ਪੈਸੇ ਨਹੀਂ ਲਗੇ ਜਿੰਨੇ ਦੂਜੇ ਦੇ ਅੱਧੇ ਗਜ਼ ਉੱਤੇ ਲਗੇ ਹਨ। ਨਹੀਂ ਤਾਂ ਉਸ ਨੂੰ ਵਾਧੂ ਮੁਨਾਫਾ ਕੋਈ ਵੀ ਨਹੀਂ ਹੋਵੇਗਾ, ਸਗੋਂ ਵਟਾਂਦਰੇ ਨਾਲ਼ ਉਸ ਨ੍ਹਿੰ ਸਿਰਫ਼ ਉਤਪਾਦਨ ਦੀ ਲਾਗਤ ਹੀ ਵਾਪਸ ਮਿਲੇਗੀ। ਉਸ ਦੀ ਸੰਭਵ ਤੌਰ 'ਤੇ ਵਧੇਰੇ ਆਮਦਨ ਇਸ ਤੱਥ ਤੋਂ ਆਇਗੀ ਕਿ ਵਧੇਰੇ ਸਰਮਾਇਆ ਹਰਕਤ ਵਿੱਚ ਲਿਆਂਦਾ ਗਿਆ ਹੈ, ਨਾ ਕਿ ਉਸ ਤੋਂ ਕਿ ਉਹ ਦੂਜਿਆਂ ਨਾਲ਼ੋਂ ਆਪਣੇ ਸਰਮਾਏ ਤੋਂ ਵਧੇਰੇ ਲਾਭ ਉਠਾ ਰਿਹਾ ਹੈ। ਇਸ ਤੋਂ ਛੁੱਟ, ਜਿਸ ਨਿਸ਼ਾਨੇ ਨੂੰ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸ ਨੂੰ ਪ੍ਰਾਪਤ ਕਰ ਲੈਂਦਾ ਹੈ ਜੇ ਉਹ ਆਪਣੇ ਮਾਲ ਦੀ ਕੀਮਤ ਆਪਣੇ ਪ੍ਰਤੀਯੋਗੀਆਂ ਨਾਲ਼ੋਂ ਜ਼ਰਾ ਕੁ ਹੀ ਘੱਟ ਰੱਖੇ। ਉਹ ਉਹਨਾਂ ਨੂੰ ਮੈਦਾਨੋਂ ਕੱਢ ਦਿੰਦਾ ਹੈ, ਉਹਨਾਂ ਨਾਲ਼ੋਂ **ਘੱਟ ਕੀਮਤ ਉੱਤੇ ਵੇਚਣ ਨਾਲ਼**, ਉਹਨਾਂ ਤੋਂ ਉਹਨਾਂ ਦੀ ਵਿਕਰੀ ਦਾ ਘੱਟੋ ਘੱਟ ਕੁੱਝ ਹਿੱਸਾ ਖੋਹ ਲੈਂਦਾ ਹੈ। ਤੇ ਆਖਰੀ ਗੱਲ, ਇਹ ਯਾਦ ਹੋਵੇਗਾ

ਕਿ ਚਾਲੂ ਕੀਮਤ ਹਮੇਸ਼ਾ ਹੀ **ਉਤਪਾਦਨ ਦੀ ਲਾਗਤ ਤੋਂ ਵੱਧ ਜਾਂ ਘੱਟ ਹੁੰਦੀ ਹੈ**, ਇਸ ਗੱਲ ਉੱਤੇ ਨਿਰਭਰ ਕਰਦਿਆਂ ਕਿ ਜਿਣਸ ਦੀ ਵਿਕਰੀ ਸੁਖਾਵੇਂ ਸਨਅਤੀ ਮੌਸਮ ਵਿੱਚ ਹੋ ਰਹੀ ਹੈ ਜਾਂ ਅਣਸੁਖਾਵੇਂ ਸਨਅਤੀ ਮੌਸਮ ਵਿੱਚ। ਜਿਸ ਸਰਮਾਏਦਾਰ ਨੇ ਉਤਪਾਦਨ ਦੇ ਨਵੇਂ ਤੇ ਵਧੇਰੇ ਫਲਦਾਇਕ ਸਾਧਨਾਂ ਨੂੰ ਵਰਤੋਂ ਵਿੱਚ ਲਿਆਂਦਾ ਹੈ, ਉਹ ਆਪਣੇ ਉਤਪਾਦਨ ਦੀ ਅਸਲੀ ਲਾਗਤ ਨਾਲ਼ੋਂ ਜਿੰਨੇ ਫੀਸਦੀ ਵਧੇਰੇ ਵੇਚ ਸਕਦਾ ਹੈ, ਉਹ ਵੱਖੋ ਵੱਖ ਹੋਵੇਗੀ, ਤੇ ਇਸ ਗੱਲ ਉੱਤੇ ਨਿਰਭਰ ਕਰੇਗੀ ਕਿ ਲਿਨਨ ਦੇ ਇੱਕ ਗਜ਼ ਦੀ ਮੰਡੀ ਵਿਚਲੀ ਕੀਮਤ ਇਸ ਦੇ ਉਤਪਾਦਨ ਦੀ ਹੁਣ ਤੱਕ ਦੀ ਰਸਮੀ ਲਾਗਤ ਨਾਲ਼ੋਂ ਵੱਧ ਹੈ ਜਾਂ ਘੱਟ।

ਪਰ, ਸਾਡੇ ਸਰਮਾਏਦਾਰ ਦੀ **ਵਿਸ਼ੇਸ਼ਾਧਿਕਾਰੀ** ਪੋਜੀਸ਼ਨ ਬਹੁਤਾ ਸਮਾਂ ਨਹੀਂ ਚੱਲਦੀ; ਮੁਕਾਬਲੇ ਵਿਚਲੇ ਦੂਜੇ ਸਰਮਾਏਦਾਰ ਉਹੀ ਮਸ਼ੀਨਾਂ, ਕਿਰਤ ਦੀ ਉਹੀ ਵੰਡ ਲਾਗੂ ਕਰ ਦਿੰਦੇ ਹਨ, ਉਹਨਾਂ ਨੂੰ ਉਸੇ ਹੀ ਜਾਂ ਹੋਰ ਵੀ ਵੱਡੇ ਪੈਮਾਨੇ ਉੱਤੇ ਲਾਗੂ ਕਰ ਦਿੰਦੇ ਹਨ, ਤੇ ਇਹ ਗੱਲ ਏਨੀ ਆਮ ਹੋ ਜਾਇਗੀ ਕਿ ਲਿਨਨ ਦੀ ਕੀਮਤ ਨਾ ਸਿਰਫ਼ ਇਸ ਦੇ ਉਤਪਾਦਨ ਦੀ ਪੁਰਾਣੀ ਲਾਗਤ ਨਾਲ਼ੋਂ ਹੀ, ਸਗੋਂ ਨਵੀਂ **ਲਾਗਤ ਨਾਲ਼ੋਂ ਵੀ ਹੇਠਾਂ** ਚਲੀ ਜਾਇਗੀ।

ਇਸ ਲਈ, ਸਰਮਾਏਦਾਰ ਆਪਣੇ ਆਪ ਨੂੰ ਇੱਕ ਦੂਜੇ ਦੇ ਸਬੰਧ ਵਿੱਚ ਉਸੇ ਹੀ ਪੋਜੀਸ਼ਨ ਵਿੱਚ ਦੇਖਦੇ ਹਨ, ਜਿਵੇਂ ਕਿ ਉਤਪਾਦਨ ਦੇ ਨਵੇਂ ਸਾਧਨਾਂ ਨੂੰ ਲਾਗੂ ਕਰਨ **ਤੋਂ ਪਹਿਲਾਂ** ਉਹ ਸਨ, ਤੇ ਜੇ ਉਹ ਇਹਨਾਂ ਸਾਧਨਾਂ ਨਾਲ਼ ਉਸੇ ਹੀ ਕੀਮਤ ਉੱਤੇ ਦੁਗਣਾ ਉਤਪਾਦਨ ਮੁਹੱਈਆ ਕਰਨ ਦੇ ਸਮਰੱਥ ਹੁੰਦੇ ਹਨ, ਤਾਂ **ਹੁਣ** ਉਹ ਪੁਰਾਣੀ ਕੀਮਤ **ਤੋਂ ਘੱਟ** ਕੀਮਤ ਉੱਤ ਦੁਗਣੀ ਉਪਜ ਮੁਹੱਈਆ ਕਰਨ ਲਈ ਮਜਬੂਰ ਹੁੰਦੇ ਹਨ। ਉਤਪਾਦਨ ਦੀ ਇਸ ਨਵੀਂ ਲਾਗਤ ਦੇ ਆਧਾਰ ਉੱਤੇ, ਉਹੀ ਖੇਡ ਮੁੜਕੇ ਸ਼ੁਰੂ ਹੋ ਜਾਂਦੀ ਹੈ। ਕਿਰਤ ਦੀ ਵਧੇਰੇ ਵੰਡ, ਵਧੇਰੇ ਮਸ਼ੀਨਰੀ, ਵਡੇਰੇ ਪੈਮਾਨੇ ਉੱਤੇ ਮਸ਼ੀਨਰੀ ਤੇ ਕਿਰਤ ਦੀ ਵੰਡ ਦੀ ਵਰਤੋਂ। ਤੇ ਫਿਰ ਮੁਕਾਬਲਾ ਇਸ ਸਿੱਟੇ ਦੇ ਖਿਲਾਫ ਉਹੀ ਪ੍ਰਤੀ-ਕਾਰਵਾਈ ਪੈਦਾ ਕਰਦਾ ਹੈ।

ਇਸ ਤਰੀਕੇ ਨਾਲ਼ ਅਸੀਂ ਦੇਖਦੇ ਹਾਂ ਕਿ ਕਿਵੇਂ ਉਤਪਾਦਨ ਦੇ ਢੰਗ ਤੇ ਉਤਪਾਦਨ ਦੇ ਸਾਧਨਾਂ ਵਿੱਚ ਲਗਾਤਾਰ ਤਬਦੀਲੀ ਲਿਆਂਦੀ ਜਾਂਦੀ ਹੈ, ਇਨਕਲਾਬ ਲਿਆਂਦਾ ਜਾਂਦਾ ਹੈ, **ਕਿਵੇਂ ਕਿਰਤ ਦੀ ਵੰਡ ਦਾ ਸਿੱਟਾ ਲਾਜ਼ਮੀ ਤੌਰ 'ਤੇ ਕਿਰਤ ਦੀ ਵਧੇਰੇ ਵੰਡ ਵਿੱਚ ਨਿਕਲਦਾ ਹੈ, ਮਸ਼ੀਨਰੀ ਨੂੰ ਲਾਗੂ ਕਰਨ ਦਾ ਸਿੱਟਾ ਮਸ਼ੀਨਰੀ ਨੂੰ ਹੋਰ ਵਧੇਰੇ ਲਾਗੂ ਕਰਨ ਵਿੱਚ ਨਿਕਲਦਾ ਹੈ, ਵੱਡੇ ਪੈਮਾਨੇ ਉੱਤੇ ਕੰਮ ਦਾ ਸਿੱਟਾ ਹੋਰ ਵੀ ਵਡੇਰੇ ਪੈਮਾਨੇ ਉੱਤੇ ਕੰਮ ਵਿੱਚ ਨਿਕਲਦਾ ਹੈ।**

ਇਹ ਹੈ ਕਾਨੂੰਨ ਜਿਹੜਾ ਬੁਰਜੂਆ ਉਤਪਾਦਨ ਨੂੰ ਮੁੜ ਮੁੜ ਕੇ ਪੁਰਾਣੀ ਲੀਹ ਤੋਂ ਉਖੇੜਦਾ ਹੈ ਤੇ ਜਿਹੜਾ ਕਿਰਤ ਦੀਆਂ ਉਤਪਾਦਕ ਸ਼ਕਤੀਆਂ ਤੀਖਣ ਕਰਨ ਲਈ ਸਰਮਾਏ ਨੂੰ ਮਜਬੂਰ ਕਰਦਾ ਹੈ, **ਕਿਉਂਕਿ ਇਸ ਨੇ** ਉਹਨਾਂ ਨੂੰ ਤੀਖਣ ਕਰ ਦਿੱਤਾ ਹੈ, ਇਸ ਨੇ, ਇਸ ਕਾਨੂੰਨ ਨੇ, ਜਿਹੜਾ ਸਰਮਾਏ ਨੂੰ ਕੋਈ ਚੈਨ ਨਹੀਂ ਲੈਣ ਦਿੰਦਾ ਤੇ ਲਗਾਤਾਰ ਉਸ ਦੇ ਕੰਨਾਂ ਵਿੱਚ ਕਹਿੰਦਾ ਰਹਿੰਦਾ ਹੈ: "ਚਲਿਆ ਚੱਲ! ਚਲਿਆ ਚੱਲ!"

ਇਹ ਕਾਨੂੰਨ ਉਸ ਕਾਨੂੰਨ ਤੋਂ ਛੁੱਟ ਹੋਰ ਕੁੱਝ ਨਹੀਂ ਜਿਹੜਾ, ਵਪਾਰਕ ਦੌਰਾਂ ਦੇ

ਵਧਾਅ-ਚੜ੍ਹਾਅ ਦੇ ਅੰਦਰ ਅੰਦਰ, ਜਿਣਸ ਦੀ ਕੀਮਤ ਨੂੰ ਲਾਜ਼ਮੀ ਤੌਰ ’ਤੇ ਉਸ ਦੇ **ਉਤਪਾਦਨ ਦੀ ਲਾਗਤ ਦੇ ਬਰਾਬਰ ਕਰ ਦਿੰਦਾ ਹੈ।**

ਉਤਪਾਦਨ ਦੇ ਉਹ ਸਾਧਨ ਭਾਵੇਂ ਕਿੰਨੇ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਣ ਜਿਨ੍ਹਾਂ ਨੂੰ ਸਰਮਾਏਦਾਰ ਮੈਦਾਨ ਵਿੱਚ ਲਿਆਉਂਦਾ ਹੈ, ਮੁਕਾਬਲਾ ਉਤਪਾਦਨ ਦੇ ਇਹਨਾਂ ਸਾਧਨਾਂ ਨੂੰ ਸਰਬ-ਵਿਆਪੀ ਬਣਾ ਦੇਵੇਗਾ ਤੇ ਜਿਸ ਘੜੀ ਇਹ ਇਹਨਾਂ ਨੂੰ ਸਰਬ-ਵਿਆਪੀ ਬਣਾ ਦਿੰਦਾ ਹੈ, ਉਸੇ ਘੜੀ ਤੋਂ ਇਸ ਦੇ ਸਰਮਾਏ ਦੀ ਵਧੇਰੇ ਫਲਦਾਇਕਤਾ ਦਾ ਇੱਕੋ ਇੱਕ ਸਿੱਟਾ ਇਹ ਨਿਕਲੇਗਾ ਕਿ ਇਸ ਨੂੰ ਹੁਣ **ਉਸੇ ਹੀ ਕੀਮਤ ਉੱਤੇ** ਪਹਿਲਾਂ ਨਾਲ਼ੋਂ ਦਸ, ਵੀਹ, ਸੌ ਗੁਣਾ ਵਧੇਰੇ ਮੁਹਈਆ ਕਰਨਾ ਪਵੇਗਾ। ਪਰ, ਕਿਉਂਕਿ ਵੇਚਣ ਦੀਆਂ ਨੀਵੀਆਂ ਕੀਮਤਾਂ ਨੂੰ ਵੇਚੀ ਗਈ ਉਪਜ ਦੀ ਵਧੇਰੇ ਮਾਤਰਾ ਨਾਲ਼ ਬੇਅਸਰ ਕਰਨ ਲਈ ਸ਼ਾਇਦ ਹੁਣ ਉਸ ਲਈ ਪਹਿਲਾਂ ਨਾਲ਼ੋਂ ਹਜ਼ਾਰ ਗੁਣਾ ਵਧੇਰੇ ਵੇਚਣਾ ਜ਼ਰੂਰੀ ਹੁੰਦਾ ਹੈ, ਕਿਉਂਕਿ ਵਧੇਰੇ ਵਿਸ਼ਾਲ ਵਿਕਰੀ ਹੁਣ ਜ਼ਰੂਰੀ ਹੁੰਦੀ ਹੈ, ਨਾ ਸਿਰਫ਼ ਵਧੇਰੇ ਮੁਨਾਫਾ ਕਮਾਉਣ ਲਈ ਸਗੋਂ ਉਤਪਾਦਨ ਦੀ ਲਾਗਤ ਪੂਰੀ ਕਰਨ ਲਈ — ਖੁਦ ਉਤਪਾਦਨ ਦੇ ਸੰਦ, ਜਿਵੇਂ ਕਿ ਅਸੀਂ ਦੇਖਿਆ ਹੈ, ਦਿਨੋ ਦਿਨ ਵਧੇਰੇ ਕੀਮਤੀ ਹੁੰਦੇ ਜਾਂਦੇ ਹਨ — ਤੇ ਕਿਉਂਕਿ ਇਹ ਵਿਸ਼ਾਲ ਵਿਕਰੀ ਨਾ ਸਿਰਫ਼ ਉਸ ਲਈ ਸਗੋਂ ਉਸ ਦੇ ਪ੍ਰਤੀਯੋਗੀਆਂ ਲਈ ਵੀ ਜ਼ਿੰਦਗੀ ਮੌਤ ਦਾ ਸਵਾਲ ਹੋ ਜਾਂਦੀ ਹੈ, ਇਸ ਲਈ ਪੁਰਾਣਾ ਘੋਲ਼ ਮੁੜ ਕੇ ਸ਼ੁਰੂ ਹੋ ਜਾਂਦਾ ਹੈ, **ਤੇ ਇਹ ਓਨਾ ਹੀ ਵਧੇਰੇ ਤੀਖਣ ਹੁੰਦਾ ਹੈ ਜਿੰਨੇ ਵਧੇਰੇ ਫਲਦਾਇਕ ਉਤਪਾਦਨ ਦੇ ਪਹਿਲਾਂ ਹੀ ਲੱਭੇ ਗਏ ਸਾਧਨ ਹੁੰਦੇ ਹਨ। ਇਸ ਲਈ ਕਿਰਤ ਦੀ ਵੰਡ ਤੇ ਮਸ਼ੀਨਰੀ ਦੀ ਵਰਤੋਂ ਬੇਮਿਸਾਲ ਵਡੇਰੇ ਪੈਮਾਨੇ ਉੱਤੇ ਨਵੇਂ ਸਿਰਿਓਂ ਜਾਰੀ ਰਹੇਗੀ।**

ਉਤਪਾਦਨ ਦੇ ਵਰਤੇ ਜਾ ਰਹੇ ਸਾਧਨਾਂ ਦੀ ਸ਼ਕਤੀ ਭਵੇਂ ਜੋ ਵੀ ਹੋਵੇ, ਮੁਕਾਬਲਾ ਜਿਣਸਾਂ ਦੀ ਕੀਮਤ ਨੂੰ ਵਾਪਸ ਉਤਪਾਦਨ ਦੀ ਲਾਗਤ ਉੱਤੇ ਲਿਆ ਕੇ, ਇਸ ਤਰ੍ਹਾਂ ਵਧੇਰੇ ਸਸਤੇ ਉਤਪਾਦਨ ਨੂੰ — ਉਸੇ ਹੀ ਕੁੱਲ ਕੀਮਤ ਉੱਤੇ ਉਪਜਾਂ ਦੀ ਦਿਨੋ ਦਿਨ ਵੱਧਦੀ ਮਾਤਰਾ ਮੁਹੱਈਆ ਕਰਨ ਨੂੰ — ਉਸੇ ਹੀ ਹੱਦ ਤੱਕ ਇੱਕ ਲਾਜ਼ਮੀ ਕਾਨੂੰਨ ਬਣਾ ਕੇ ਜਿਸ ਹੱਦ ਤੱਕ ਉਤਪਾਦਨ ਸਸਤਾ ਬਣਾਇਆ ਜਾ ਸਕਦਾ ਹੈ, ਭਾਵ, ਓਨੀ ਹੀ ਕਿਰਤ ਨਾਲ਼ ਵਧੇਰੇ ਪੈਦਾ ਕੀਤਾ ਜਾ ਸਕਦਾ ਹੈ, ਸਰਮਾਏ ਨੂੰ ਇਸ ਸ਼ਕਤੀ ਦੇ ਸੁਨਹਿਰੀ ਫਲਾਂ ਤੋਂ ਵਾਂਝਿਆਂ ਕਰਨ ਦੀ ਕੋਸ਼ਿਸ ਕਰਦਾ ਹੈ। ਇਸ ਤਰ੍ਹਾਂ ਸਰਮਾਏਦਾਰ ਆਪਣੀਆਂ ਘਾਲਣਾਵਾਂ ਨਾਲ਼ ਹੋਰ ਕੁੱਝ ਨਹੀਂ ਪ੍ਰਾਪਤ ਕਰੇਗਾ ਜਿਵਾਏ ਉਸੇ ਹੀ ਕਿਰਤ ਸਮੇਂ ਵਿੱਚ ਵਧੇਰੇ ਮੁਹੱਈਆ ਕਰਨ ਦੇ ਫਰਜ਼ ਦੇ, ਮਤਲਬ ਕੀ ਕਿ **ਆਪਣੇ ਸਰਮਾਏ ਦੀ ਕਦਰ ਵਿੱਚ ਵਾਧਾ ਕਰਨ ਦੀਆਂ ਵਧੇਰੇ ਮੁਸ਼ਕਲ ਹਾਲਤਾਂ ਦੇ।** ਇਸ ਲਈ, ਜਦ ਕਿ ਮੁਕਾਬਲਾ ਉਤਪਾਦਨ ਦੀ ਲਾਗਤ ਦੇ ਆਪਣੇ ਕਾਨੂੰਨ ਨਾਲ਼ ਲਗਾਤਾਰ ਉਸ ਦੇ ਪਿੱਛੇ ਪਿਆ ਰਹਿੰਦਾ ਹੈ ਤੇ ਹਰ ਹਥਿਆਰ ਜਿਹੜਾ ਉਹ ਆਪਣੇ ਵਿਰੋਧੀਆਂ ਦੇ ਖਿਲਾਫ਼ ਤਿਆਰ ਕਰਦਾ ਹੈ, ਖੁਦ ਉਸ ਉੱਤੇ ਪੁੱਠਾ ਆ ਪੈਂਦਾ ਹੈ, ਸਰਮਾਏਦਾਰ ਲਗਾਤਾਰ ਨਵੀਆਂ ਮਸ਼ੀਨਾਂ ਨੂੰ ਵਰਤੋਂ ਵਿੱਚ ਲਿਆ ਕੇ, ਜਿਹੜੀਆਂ ਠੀਕ ਹੈ ਕਿ ਵਧੇਰੇ ਮਹਿੰਗੀਆਂ ਹੁੰਦੀਆਂ ਹਨ ਪਰ ਵਧੇਰੇ ਸਸਤਾ ਪੈਦਾ ਕਰਦੀਆਂ ਹਨ, ਤੇ ਪੁਰਾਣੀ

ਦੀ ਥਾਂ ਨਵੀਂ ਕਿਰਤ ਵੰਡ ਨੂੰ ਅਮਲ ਵਿੱਚ ਲਿਆ ਕੇ, ਨਾ ਕਿ ਉਦੋਂ ਤੱਕ ਉਡੀਕ ਕਰਦਿਆਂ, ਜਦੋਂ ਤੱਕ ਮੁਕਾਬਲਾ ਨਵੀਂ ਵੰਡ ਨੂੰ ਪੁਰਾਣੀ ਨਹੀਂ ਕਰ ਦਿੰਦਾ, ਮੁਕਾਬਲੇ ਵਿੱਚ ਜੇਤੂ ਬਣਨ ਦੀ ਲਗਾਤਾਰ ਕੋਸ਼ਿਸ਼ ਕਰਦਾ ਰਹਿੰਦਾ ਹੈ।

ਜੇ ਅਸੀਂ ਹੁਣ ਇਸ **ਸਾਰੀ ਸੰਸਾਰ ਮੰਡੀ** ਵਿੱਚ ਇੱਕੋ ਇੱਕ ਵੇਲੇ ਚੱਲ ਰਹੀ ਇਸ ਵਿਆਕੁੱਲ ਹਲਚਲ ਨੂੰ ਅੱਖਾਂ ਸਾਹਮਣੇ ਲਿਆਈਏ, ਤਾਂ ਇਹ ਸਮਝ ਵਿੱਚ ਆ ਜਾਇਗਾ ਕਿ ਕਿਵੇਂ ਸਰਮਾਏ ਦੇ ਵਾਧੇ, ਇਕੱਤ੍ਰੀਕਰਨ ਤੇ ਕੇਂਦਰਿਤ ਹੋਣ ਦਾ ਸਿੱਟਾ ਕਿਰਤ ਦੀ ਨਿਰੰਤਰ ਵੰਡ ਵਿੱਚ, ਤੇ ਦਿਨੋ ਦਿਨ ਵਧੇਰੇ ਧੜਵੈਲ ਪੈਮਾਨੇ ਉੱਤੇ ਤੇ ਅੰਧਾਧੁੰਦ ਤੇਜ਼ੀ ਨਾਲ਼ ਨਵੀਂ ਮਸ਼ੀਨਰੀ ਨੂੰ ਲਾਗੂ ਕਰਨ ਵਿੱਚ ਤੇ ਪੁਰਾਣੀ ਨੂੰ ਵਧੇਰੇ ਸੰਪੂਰਨ ਬਣਾਉਣ ਵਿੱਚ ਨਿਕਲਦਾ ਹੈ।

**ਪਰ ਇਹ ਹਾਲਾਤ, ਜਿਹੜੇ ਉਤਪਾਦਕ ਸਰਮਾਏ ਦੇ ਵਾਧੇ ਤੋਂ ਅਨਿੱਖੜ ਹਨ, ਉਜਰਤਾਂ ਨਿਸ਼ਚਿਤ ਕਰਨ ਉੱਪਰ ਕਿਵੇਂ ਅਸਰ ਪਾਉਂਦੇ ਹਨ ?**

**ਕਿਰਤ** ਦੀ ਵਧੇਰੇ **ਵੰਡ ਇੱਕ** ਮਜ਼ਦੂਰ ਨੂੰ ਪੰਜਾਂ, ਦਸਾਂ ਜਾਂ ਵੀਹਾਂ ਮਜ਼ਦੂਰਾਂ ਜਿੰਨਾਂ ਕੰਮ ਕਰਨ ਦੇ ਯੋਗ ਬਣਾਉਂਦੀ ਹੈ; ਇਸ ਲਈ ਇਹ ਮਜ਼ਦੂਰਾਂ ਵਿਚਲੇ ਮੁਕਾਬਲੇ ਨੂੰ ਪੰਜ, ਦਸ ਜਾਂ ਵੀਹ ਗੁਣਾ ਵਧਾ ਦਿੰਦੀ ਹੈ। ਮਜ਼ਦੂਰ ਸਿਰਫ਼ ਇਸੇ ਗੱਲ ਵਿੱਚ ਮੁਕਾਬਲਾ ਨਹੀਂ ਕਰਦੇ ਕਿ ਦੂਜੇ ਨੂੰ ਵਧੇਰੇ ਸਸਤਾ ਆਪਣੇ ਆਪ ਨੂੰ ਵੇਚਣ; ਉਹ **ਇੱਕ** ਜਨਾ ਪੰਜਾਂ, ਦਸਾਂ ਜਾਂ ਵੀਹਾਂ ਦਾ ਕੰਮ ਕਰਨ ਵਿੱਚ ਮੁਕਾਬਲਾ ਕਰਦੇ ਹਨ; ਤੇ ਸਰਮਾਏ ਵੱਲੋਂ ਲਾਗੂ ਕੀਤੀ ਗਈ ਤੇ ਲਗਾਤਾਰ ਵਧਾਈ ਜਾਂਦੀ **ਕਿਰਤ ਦੀ ਵੰਡ** ਮਜ਼ਦੂਰਾਂ ਨੂੰ ਮਜਬੂਰ ਕਰਦੀ ਹੈ ਕਿ ਉਹ ਇਸ ਤਰੀਕੇ ਨਾਲ਼ ਇੱਕ ਦੂਜੇ ਦਾ ਮੁਕਾਬਲਾ ਕਰਨ।

ਇਸ ਤੋਂ ਛੁੱਟ, ਜਿਉਂ ਜਿਉਂ **ਕਿਰਤ ਦੀ ਵੰਡ** ਵੱਧਦੀ ਹੈ, ਕਿਰਤ **ਸਰਲ ਹੁੰਦੀ ਜਾਂਦੀ ਹੈ।** ਮਜ਼ਦੂਰ ਦੀ ਉਚੇਰੀ ਯੋਗਤਾ ਫਜ਼ੂਲ ਹੋ ਜਾਂਦੀ ਹੈ। ਉਹ ਇੱਕ ਸਾਧਾਰਨ, ਅਕਾਵੀਂ ਉਤਪਾਦਕ ਸ਼ਕਤੀ ਵਿੱਚ ਬਦਲ ਜਾਂਦੀ ਹੈ ਜਿਸ ਨੂੰ ਤੀਖਣ ਸ਼ਰੀਰਕ ਜਾਂ ਬੌਧਕ ਯੋਗਤਾਵਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਪੈਂਦੀ। ਉਸ ਦੀ ਕਿਰਤ ਐਸੀ ਕਿਰਤ ਬਣ ਜਾਂਦੀ ਹੈ ਜਿਸ ਨੂੰ ਕੋਈ ਵੀ ਕਰ ਸਕਦਾ ਹੈ। ਇਸ ਲਈ, ਸਭ ਪਾਸਿਉਂ ਪ੍ਰਤੀਯੋਗੀ ਉਸ ਨੂੰ ਘੇਰ ਲੈਂਦੇ ਹਨ, ਤੇ ਇਸ ਤੋਂ ਛੁੱਟ ਅਸੀਂ ਪਾਠਕ ਨੂੰ ਯਾਦ ਕਰਾ ਦੇਈਏ ਕਿ ਕਿਰਤ ਜਿੰਨੀ ਸਰਲ ਤੇ ਸੌਖੀ ਤਰ੍ਹਾਂ ਸਿੱਖੀ ਜਾਣ ਵਾਲ਼ੀ ਹੋਵੇਗੀ, ਇਸ ਵਿੱਚ ਨਿਪੁੰਨਤਾ ਪ੍ਰਾਪਤ ਕਰਨ ਲਈ ਲੁੜੀਂਦੀ ਉਤਪਾਦਨ ਦੀ ਲਾਗਤ ਓਨੀ ਹੀ ਘੱਟ ਹੋਵੇਗੀ, ਉਜਰਤਾਂ ਓਨੀਆਂ ਹੀ ਘੱਟੀ ਜਾਣਗੀਆਂ ਕਿਉਂਕਿ, ਹਰ ਦੂਜੀ ਜਿਣਸ ਦੀ ਕੀਮਤ ਵਾਂਗ, ਇਹ ਵੀ ਉਤਪਾਦਨ ਦੀ ਲਾਗਤ ਨਾਲ਼ ਨਿਸ਼ਚਿਤ ਹੁੰਦੀਆਂ ਹਨ।

**ਇਸ ਲਈ, ਜਿਉਂ ਜਿਉਂ ਕਿਰਤ ਵਧੇਰੇ ਗੈਰ-ਤਸੱਲੀਬਖਸ਼, ਵਧੇਰੇ ਅਕਾਵੀਂ ਹੁੰਦੀ ਜਾਂਦੀ ਹੈ, ਮੁਕਾਬਲਾ ਵੱਧਦਾ ਜਾਂਦਾ ਹੈ ਤੇ ਉਜਰਤਾਂ ਘੱਟਦੀਆਂ ਜਾਂਦੀਆਂ ਹਨ।** ਮਜ਼ਦੂਰ ਵਧੇਰੇ ਕੰਮ ਕਰਕੇ ਆਪਣੀਆਂ ਉਜਰਤਾਂ ਦੀ ਮਾਤਰਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਭਾਵੇਂ ਉਹ ਵਧੇਰੇ ਸਮਾਂ ਕੰਮ ਕਰਕੇ ਐਸਾ ਕਰੇ ਜਾਂ ਕਿ ਇੱਕੋ ਘੰਟੇ ਵਿੱਚ ਵਧੇਰੇ ਪੈਦਾ

ਕਰਕੇ। ਇਸ ਲਈ, ਕੰਗਾਲੀ ਦਾ ਹੱਕਿਆ ਹੋਇਆ ਉਹ ਕਿਰਤ ਦੀ ਵੰਡ ਦੇ ਮਾੜੇ ਅਸਰਾਂ ਨੂੰ ਹੋਰ ਵੀ ਜ਼ਿਆਦਾ ਵਧਾ ਦਿੰਦਾ ਹੈ। ਸਿੱਟਾ ਇਹ ਨਿਕਲਦਾ ਹੈ **ਕਿ ਜਿੰਨਾਂ ਜ਼ਿਆਦਾ ਉਹ ਕੰਮ ਕਰਦਾ ਹੈ, ਓਨੀ ਹੀ ਘੱਟ ਉਸ ਨੂੰ ਉਜਰਤ ਮਿਲਦੀ ਹੈ**, ਤੇ ਇਸ ਦਾ ਸਿੱਧਾ-ਸਾਦਾ ਕਾਰਨ ਇਹ ਹੈ ਕਿ ਉਹ ਇਸ ਹੱਦ ਤੱਕ ਆਪਣੇ ਸਾਥੀ ਮਜ਼ਦੂਰਾਂ ਨਾਲ਼ ਮੁਕਾਬਲਾ ਕਰਨ ਲੱਗ ਪੈਂਦਾ ਹੈ, ਇਸ ਲਈ ਉਹਨਾਂ ਨੂੰ ਆਪਣੇ ਏਨੇ ਸਾਰੇ ਮੁਕਾਬਲਾ ਕਰਨ ਵਾਲਿਆਂ ਵਿੱਚ ਬਦਲ ਲੈਂਦਾ ਹੈ, ਜਿਹੜੇ ਬਿਲਕੁੱਲ ਉਹਨਾਂ ਹੀ ਭੈੜੀਆਂ ਸ਼ਰਤਾਂ ਉੱਤੇ ਆਪਣੇ ਆਪ ਨੂੰ ਪੇਸ਼ ਕਰਦੇ ਹਨ, ਜਿਨ੍ਹਾਂ ਉੱਤੇ ਉਹ ਕਰਦਾ ਹੈ, ਤੇ ਇਸ ਲਈ, ਅਖੀਰ ਵਿੱਚ **ਉਹ ਖੁਦ ਆਪਣੇ ਨਾਲ਼ ਮੁਕਾਬਲਾ ਕਰਨ ਲੱਗ ਪੈਂਦਾ ਹੈ, ਖੁਦ ਆਪਣੇ ਨਾਲ਼, ਮਜ਼ਦੂਰ ਜਮਾਤ ਦੇ ਇੱਕ ਮੈਂਬਰ ਵਜੋਂ।**

**ਮਸ਼ੀਨਰੀ** ਸੁਸਿੱਖਿਅਤ ਮਜ਼ਦੂਰਾਂ ਦੀ ਥਾਂ ਅਣਸਿਖੇ ਮਜ਼ਦੂਰਾਂ ਨੂੰ ਦੇ ਕੇ, ਆਦਮੀਆਂ ਦੀ ਥਾਂ ਔਰਤਾਂ ਨੂੰ ਦੇ ਕੇ, ਬਾਲਗਾਂ ਦੀ ਥਾਂ ਬੱਚਿਆਂ ਨੂੰ ਦੇ ਕੇ ਕਿਤੇ ਵੱਡੇ ਪੈਮਾਨੇ ਉੱਤੇ ਉਹੀ ਸਿੱਟੇ ਕੱਢਦੀ ਹੈ। ਜਿੱਥੇ ਇਹ ਨਵੀਂ ਨਵੀਂ ਲਾਗੂ ਕੀਤੀ ਗਈ ਹੁੰਦੀ ਹੈ, ਉੱਥੇ ਦਸਤਕਾਰਾਂ ਨੂੰ ਵਿਸ਼ਾਲ ਸਮੂਹਾਂ ਵਿੱਚ ਬਾਹਰ ਕੱਢ ਕੇ, ਤੇ ਜਿੱਥੇ ਇਸ ਦਾ ਵਿਕਾਸ ਕੀਤਾ ਜਾਂਦਾ ਹੈ, ਇਹ ਚੰਗੇਰੀ ਬਣਾਈ ਜਾਂਦੀ ਹੈ ਤੇ ਇਸ ਦੀ ਥਾਂ ਵਧੇਰੇ ਉਪਜਾਊ ਮਸ਼ੀਨਰੀ ਲੈ ਲੈਂਦੀ ਹੈ, ਉੱਥੇ ਛੋਟੇ ਛੋਟੇ ਟੋਲਿਆਂ ਵਿੱਚ ਮਜ਼ਦੂਰਾਂ ਨੂੰ ਕੰਮ ਤੋਂ ਕੱਢ ਕੇ ਇਹ ਉਹੀ ਸਿੱਟੇ ਕੱਢਦੀ ਹੈ। ਅਸੀਂ ਉੱਪਰ, ਕਾਹਲੀ ਕਾਹਲੀ ਵਿੱਚ ਸਰਮਾਏਦਾਰਾਂ ਦੀ ਆਪਸ ਵਿੱਚ ਸਨਅਤੀ ਜੰਗ ਦਾ ਵਰਨਣ ਕੀਤਾ ਹੈ; **ਇਸ ਜੰਗ ਦੀ ਵਿਲਖਣਤਾਈ ਇਹ ਹੈ ਕਿ ਇਸ ਦੀਆਂ ਲੜਾਈਆਂ ਕਿਰਤ ਦੀ ਫੌਜ ਨੂੰ ਭਰਤੀ ਕਰਨ ਨਾਲ਼ੋਂ ਵਧੇਰੇ ਕੱਢਣ ਨਾਲ਼ ਜਿੱਤੀਆਂ ਜਾਂਦੀਆਂ ਹਨ। ਜਰਨਲ, ਸਰਮਾਏਦਾਰ, ਇੱਕ ਦੂਜੇ ਨਾਲ਼ ਇਸ ਗੱਲ ਵਿੱਚ ਮੁਕਾਬਲਾ ਕਰਦੇ ਹਨ ਕਿ ਕਿਹੜਾ ਸਨਅਤ ਦੇ ਸਭ ਤੋਂ ਵੱਧ ਸਿਪਾਹੀਆਂ ਨੂੰ ਕੱਢ ਸਕਦਾ ਹੈ।**

ਇਹ ਠੀਕ ਹੈ ਕਿ ਅਰਥ-ਵਿਗਿਆਨੀ ਸਾਨੂੰ ਇਹ ਦਸਦੇ ਹਨ ਕਿ ਮਸ਼ੀਨਰੀ ਵੱਲੋਂ ਫਜ਼ੂਲ ਬਣਾਏ ਗਏ ਮਜ਼ਦੂਰ ਰੁਜ਼ਗਾਰ ਦੀਆਂ **ਨਵੀਆਂ** ਸ਼ਾਖਾਂ ਲੱਭ ਲੈਂਦੇ ਹਨ।

ਉਹ ਸਿੱਧੀ ਤਰ੍ਹਾਂ ਇਹ ਦਾਅਵਾ ਕਰਨ ਦੀ ਹਿੰਮਤ ਨਹੀਂ ਕਰਦੇ ਕਿ ਉਹੀ ਮਜ਼ਦੂਰ, ਜਿਨ੍ਹਾਂ ਨੂੰ ਕੱਢ ਦਿੱਤਾ ਗਿਆ ਹੁੰਦਾ ਹੈ, ਕਿਰਤ ਦੀਆਂ ਨਵੀਆਂ ਸ਼ਾਖਾਂ ਵਿੱਚ ਥਾਵਾਂ ਲੱਭ ਲੈਂਦੇ ਹਨ। ਤੱਥ ਇਸ ਝੂਠ ਦੇ ਖਿਲਾਫ ਬੜਾ ਉੱਚੀ ਉੱਚੀ ਚੀਕ-ਪੁਕਾਰ ਕਰਦੇ ਹਨ। ਉਹ ਸੱਚਮੁੱਚ ਸਿਰਫ਼ ਇਹੀ ਦਾਅਵਾ ਕਰਦੇ ਹਨ ਕਿ **ਮਜ਼ਦੂਰ ਜਮਾਤ ਦੇ ਦੂਜੇ ਹਿੱਸਿਆਂ** ਲਈ ਰੁਜ਼ਗਾਰ ਦੇ ਨਵੇਂ ਸਾਧਨ ਖੁਲ੍ਹ ਜਾਣਗੇ, ਉਦਾਹਰਣ ਵਜੋਂ, ਮਜ਼ਦੂਰਾਂ ਦੀ ਜਵਾਨ ਪੀੜ੍ਹੀ ਦੇ ਉਸ ਹਿੱਸੇ ਲਈ ਜਿਹੜੀ ਸਨਅਤ ਦੀ ਉਸ ਸ਼ਾਖ ਵਿੱਚ ਦਾਖਲ ਹੋਣ ਲਈ ਤਿਆਰ ਸੀ ਜਿਹੜੀ ਨਿੱਘਰ ਗਈ ਹੈ। ਬੇਸ਼ੱਕ ਇਹ ਰੱਦ ਹੋਏ ਮਜ਼ਦੂਰਾਂ ਲਈ ਭਾਰੀ ਤਸੱਲੀ ਹੈ। ਸਤਿਕਾਰਭਰੇ ਸਰਮਾਏਦਾਰ ਕਦੀ ਸਜਰੇ ਵਰਤੋਂ ਯੋਗ ਲਹੂ-ਮਾਸ ਦੀ ਮੰਗ ਨਹੀਂ ਕਰਨਗੇ, ਤੇ ਹੋਈ ਬੀਤੀ ਨੂੰ ਭੁੱਲ ਜਾਣਗੇ। ਇਹ ਹੈ ਇੱਕ ਧਰਵਾਸ ਜਿਹੜੀ ਬੁਰਜੂਆ ਆਪਣੇ ਆਪ ਨੂੰ ਦਿੰਦੇ ਹਨ, ਉਸ ਧਰਵਾਸ ਨਾਲ਼ੋਂ ਜਿਹੜੀ ਕਿ ਉਹ ਮਜ਼ਦੂਰਾਂ ਨੂੰ ਦਿੰਦੇ ਹਨ। ਜੇ ਮਸ਼ੀਨਰੀ ਦੇ

ਕਾਰਨ ਉਜਰਤੀ ਮਜ਼ਦੂਰਾਂ ਦੀ ਸਾਰੀ ਜਮਾਤ ਖਤਮ ਹੋ ਜਾਂਦੀ ਹੈ, ਤਾਂ ਇਹ ਸਰਮਾਏ ਲਈ ਕਿੰਨੀ ਭਿਆਨਕ ਗੱਲ ਹੋਵੇਗੀ ਜਿਹੜਾ ਕਿ ਉਜਰਤੀ ਕਿਰਤ ਤੋਂ ਬਿਨਾਂ ਸਰਮਾਇਆ ਹੀ ਨਹੀਂ ਰਹਿੰਦਾ।

ਪਰ ਆਓ ਫਰਜ਼ ਕਰੀਏ ਕਿ ਸਿੱਧੇ ਮਸ਼ੀਨਰੀ ਨਾਲ਼ ਨੌਕਰੀਆਂ ਤੋਂ ਕੱਢੇ ਗਏ ਤੇ ਨਵੀਂ ਪੀੜ੍ਹੀ ਦਾ ਸਮੁੱਚਾ ਉਹ ਹਿੱਸਾ, ਜਿਹੜਾ ਕਿ ਇਸ ਰੁਜ਼ਗਾਰ ਦੀ ਪਹਿਲਾਂ ਹੀ ਖੋਜ ਵਿੱਚ ਸੀ, **ਨਵਾਂ ਕੰਮ ਲੱਭ ਲੈਂਦੇ ਹਨ**। ਕੀ ਕੋਈ ਵੀ ਕਲਪਨਾ ਕਰ ਸਕਦਾ ਹੈ ਕਿ ਇਸ ਲਈ ਓਨੀ ਹੀ ਜ਼ਿਆਦਾ ਤਨਖਾਹ ਮਿਲੇਗੀ ਜਿੰਨੀ ਕਿ ਖੁੱਸੇ ਕੰਮ ਲਈ ਮਿਲਦੀ ਸੀ? **ਇਹ ਗੱਲ ਅਰਥ-ਵਿਗਿਆਨ ਦੇ ਸਾਰੇ ਕਾਨੂੰਨਾਂ ਦੇ ਵਿਰੁੱਧ ਜਾਇਗੀ।** ਅਸੀਂ ਦੇਖ ਚੁੱਕੇ ਹਾਂ ਕਿ ਕਿਵੇਂ ਆਧੁਨਿਕ ਸਨਅਤ ਹਮੇਸ਼ਾ ਹੀ ਵਧੇਰੇ ਜਟਿਲ ਤੇ ਉਚੇਰੇ ਕੰਮ ਦੀ ਥਾਂ ਵਧੇਰੇ ਸਰਲ, ਹੇਠਲੇ ਕੰਮ ਨੂੰ ਆਪਣੇ ਨਾਲ਼ ਲੈ ਕੇ ਆਉਂਦੀ ਹੈ।

ਤਾਂ ਫਿਰ ਮਜ਼ਦੂਰਾਂ ਦਾ ਉਹ ਸਮੂਹ, ਜਿਸ ਨੂੰ ਮਸ਼ੀਨਰੀ ਦੇ ਕਾਰਨ ਸਨਅਤ ਦੀ ਇੱਕ ਸ਼ਾਖ ਵਿੱਚੋਂ ਕੱਢ ਦਿੱਤਾ ਗਿਆ ਹੈ, ਕਿਸੇ ਦੂਜੀ ਸ਼ਾਖ ਵਿੱਚ ਕਿਵੇਂ ਸ਼ਰਨ ਲੱਭ ਸਕਦਾ ਹੈ, ਜਿੰਨਾਂ ਚਿਰ ਤੱਕ ਇਹ ਦੂਜੀ ਸ਼ਾਖ **ਨੀਵੀਂ**, ਪਹਿਲੀ ਨਾਲ਼ੋਂ **ਭੈੜੀ ਤਨਖਾਹ** ਵਾਲ਼ੀ ਨਹੀਂ?

ਖੁਦ ਮਸ਼ੀਨਰੀ ਨੂੰ ਤਿਆਰ ਕਰਨ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਇੱਕ ਛੋਟ ਵਜੋਂ ਉਦਾਹਰਣ ਦਿੱਤੀ ਗਈ ਹੈ। ਇਹ ਕਿਹਾ ਜਾਂਦਾ ਹੈ ਕਿ ਜਿਉਂ ਹੀ ਵਧੇਰੇ ਮਸ਼ੀਨਰੀ ਦੀ ਮੰਗ ਤੇ ਸਨਅਤ ਵਿੱਚ ਵਰਤੋਂ ਹੁੰਦੀ ਹੈ, ਮਸ਼ੀਨਾਂ ਦਾ ਲਾਜ਼ਮੀ ਤੌਰ 'ਤੇ ਵਾਧਾ ਹੋਵੇਗਾ, ਇਸ ਦੇ ਸਿੱਟੇ ਵਜੋਂ ਮਸ਼ੀਨਾਂ ਤਿਆਰ ਕਰਨ ਵਿੱਚ ਵਾਧਾ ਹੋਵੇਗਾ, ਤੇ ਇਸ ਦੇ ਸਿੱਟੇ ਵਜੋਂ ਮਸ਼ੀਨਾਂ ਤਿਆਰ ਕਰਨ ਦੇ ਕੰਮ ਵਿੱਚ ਵਧੇਰੇ ਮਜ਼ਦੂਰ ਲਗਣਗੇ; ਤੇ ਸਨਅਤ ਦੀ ਇਸ ਸ਼ਾਖ ਵਿੱਚ ਜੁੱਟੇ ਮਜ਼ਦੂਰਾਂ ਬਾਰੇ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਸੁਸਿੱਖਿਅਤ, ਸਗੋਂ ਪੜ੍ਹੇ-ਲਿਖੇ ਵੀ, ਹੁੰਦੇ ਹਨ।

1840 ਤੋਂ ਲੈ ਕੇ ਇਸ ਦਾਅਵੇ ਵਿੱਚ, ਜਿਹੜਾ ਕਿ ਪਹਿਲਾਂ ਵੀ ਸਿਰਫ਼ ਅੱਧਾ ਸੱਚਾ ਹੁੰਦਾ ਸੀ, ਬਿਲਕੁੱਲ ਕੋਈ ਸੱਚਾਈ ਨਹੀਂ ਰਹੀ ਕਿਉਂਕਿ ਮਸ਼ੀਨਰੀ ਤਿਆਰ ਕਰਨ ਵਿੱਚ ਦਿਨੋ ਦਿਨ ਵਧੇਰੇ ਬਹੁਮੰਤਵੀ ਮਸ਼ੀਨਾਂ ਵਰਤੋਂ ਵਿੱਚ ਲਿਆਂਦੀਆਂ ਗਈਆਂ, ਬਿਲਕੁੱਲ ਜਿਸ ਤਰ੍ਹਾਂ ਸੂਤ ਤਿਆਰ ਕਰਨ ਵਿੱਚ ਲਿਆਂਦੀਆਂ ਗਈਆਂ ਹਨ, ਤੇ ਮਸ਼ੀਨ ਫੈਕਟਰੀ ਵਿੱਚ ਲੱਗੇ ਮਜ਼ਦੂਰ, ਬੇਹੱਦ ਜਟਿਲ ਮਸ਼ੀਨਾਂ ਦੇ ਸਨਮੁੱਖ, ਸਿਰਫ਼ ਬੇਹੱਦ ਅਣ-ਜਟਿਲ ਮਸ਼ੀਨਾਂ ਦਾ ਰੋਲ਼ ਹੀ ਅਦਾ ਕਰ ਸਕਦੇ ਹਨ।

ਪਰ ਮਸ਼ੀਨ ਕਾਰਨ ਕੱਢੇ ਗਏ ਆਦਮੀ ਦੀ ਥਾਂ, ਫੈਕਟਰੀ, ਹੋ ਸਕਦਾ ਹੈ, **ਤਿੰਨ** ਬੱਚੇ ਤੇ **ਇੱਕ** ਔਰਤ ਕੰਮ ਉੱਤੇ ਲਾ ਲਵੇ! ਤੇ ਕੀ ਤਿੰਨ ਬੱਚਿਆਂ ਤੇ ਇੱਕ ਔਰਤ ਲਈ ਉਸ ਆਦਮੀ ਦੀ ਉਜਰਤ ਦਾ ਕਾਫ਼ੀ ਹੋਣਾ ਲਾਜ਼ਮੀ ਨਹੀਂ ਸੀ? ਕੀ ਘੱਟੋ ਘੱਟ ਉਜਰਤ ਦਾ ਨਸਲ ਨੂੰ ਕਾਇਮ ਰੱਖਣ ਤੇ ਅੱਗੇ ਤੋਰਨ ਲਈ ਕਾਫ਼ੀ ਹੋਣਾ ਜ਼ਰੂਰੀ ਨਹੀਂ? ਤਾਂ ਫਿਰ ਇਹ ਮਨਭਾਉਂਦਾ ਬੁਰਜੂਆ ਫਿਕਰਾ ਕੀ ਸਿੱਧ ਕਰਦਾ ਹੈ? ਇਸ ਤੋਂ ਵੱਧ ਕੁੱਝ ਨਹੀਂ ਕਿ ਹੁਣ **ਇੱਕ** ਮਜ਼ਦੂਰ ਦੇ ਪਰਿਵਾਰ ਲਈ ਰੋਜ਼ੀ ਪ੍ਰਾਪਤ ਕਰਨ ਲਈ ਚਾਰ ਗੁਣਾ ਮਜ਼ਦੂਰ ਜ਼ਿੰਦਗੀਆਂ

ਖਪਾ ਲਈਆਂ ਜਾਂਦੀਆਂ ਹਨ।

ਆਓ ਨਚੋੜ ਕੱਢੀਏ: **ਉਤਪਾਦਕ ਸਰਮਾਇਆ ਜਿੰਨਾਂ ਜ਼ਿਆਦਾ ਵੱਧਦਾ ਹੈ, ਕਿਰਤ ਦੀ ਵੰਡ ਤੇ ਮਸ਼ੀਨਰੀ ਦੀ ਵਰਤੋਂ ਓਨੀ ਹੀ ਜ਼ਿਆਦਾ ਪਸਾਰ ਕਰਦੀ ਹੈ। ਕਿਰਤ ਦੀ ਵੰਡ ਤੇ ਮਸ਼ੀਨਰੀ ਦੀ ਵਰਤੋਂ ਜਿੰਨੀ ਜ਼ਿਆਦਾ ਪਸਾਰ ਕਰਦੀ ਹੈ, ਮਜ਼ਦੂਰਾਂ ਵਿਚਾਕਰ ਮੁਕਾਬਲਾ ਓਨਾ ਹੀ ਵੱਧਦਾ ਤੇ ਉਹਨਾਂ ਦੀਆਂ ਉਜਰਤਾਂ ਓਨੀਆਂ ਹੀ ਜ਼ਿਆਦਾ ਸੁੰਗੜਦੀਆਂ ਹਨ।**

ਇਸ ਤੋਂ ਛੁੱਟ, ਮਜ਼ਦੂਰ ਜਮਾਤ ਵਿੱਚ **ਸਮਾਜ ਦੇ ਉਚੇਰੇ ਤਬਕਿਆਂ** ਵਿੱਚੋਂ ਵੀ ਰੰਗਰੂਟ ਆ ਰਲਦੇ ਹਨ; ਬਹੁਤ ਸਾਰੇ ਨਿੱਕੇ ਨਿੱਕੇ ਸਨਅਤਕਾਰ ਤੇ ਛੋਟੇ ਛੋਟੇ ਲਾਭੰਸ਼ਾਂ ਉੱਤੇ ਜੀਊਣ ਵਾਲ਼ੇ ਇਸ ਦੀਆਂ ਸਫਾਂ ਵਿੱਚ ਹੇਠਾਂ ਸੁੱਟ ਦਿੱਤੇ ਜਾਂਦੇ ਹਨ ਤੇ ਉਹਨੰ ਲਈ ਕਰਨ ਵਾਲ਼ੀ ਇਸ ਤੋਂ ਚੰਗੀ ਹੋਰ ਕੋਈ ਗੱਲ ਨਹੀਂ ਰਹਿ ਜਾਂਦੀ ਕਿ ਮਜ਼ਦੂਰਾਂ ਦੇ ਨਾਲ਼ ਰਲ ਕੇ ਫੌਰੀ ਤੌਰ 'ਤੇ ਆਪਣੀਆਂ ਬਾਹਵਾਂ ਉਠਾਉਣ। ਇਸ ਤਰ੍ਹਾਂ ਕੰਮ ਦੀ ਮੰਗ ਕਰਦੀਆਂ ਉੱਪਰ ਚੁੱਕੀਆਂ ਬਾਹਵਾਂ ਦਾ ਜੰਗਲ ਦਿਨੋ ਦਿਨ ਸੰਘਣਾ ਹੁੰਦਾ ਜਾਂਦਾ ਹੈ, ਜਦ ਕਿ ਖ਼ੁਦ ਬਾਹਵਾਂ ਦਿਨੋ ਦਿਨ ਪਤਲੀਆਂ ਹੁੰਦੀਆਂ ਜਾਂਦੀਆਂ ਹਨ।

ਇਹ ਸਵੈਪ੍ਰਤੱਖ ਹੈ ਕਿ ਇਸ ਮੁਕਾਬਲੇ ਵਿੱਚ ਛੋਟੇ ਸਨਅਤਕਾਰ ਨਹੀਂ ਜੀਊਂਦੇ ਰਹਿ ਸਕਦੇ ਜਿਸ ਮੁਕਾਬਲੇ ਦੀ ਇੱਕ ਪਹਿਲੀ ਸ਼ਰਤ ਇਹ ਹੈ ਕਿ ਦਿਨੋ ਦਿਨ ਵਡੇਰੇ ਪੈਮਾਨੇ ਉੱਤੇ ਪੈਦਾ ਕੀਤਾ ਜਾਏ, ਭਾਵ, ਬਿਲਕੁੱਲ ਵੱਡੇ ਸਨਅਤਕਾਰ ਬਣਿਆ ਜਾਏ, ਛੋਟੇ ਨਹੀਂ।

ਇਹ ਸਾਰੀਆਂ ਚੀਜ਼ਾਂ ਯਕੀਨਨ ਹੋਰ ਕਿਸੇ ਵਿਆਖਿਆ ਦੀ ਮੰਗ ਨਹੀਂ ਕਰਦੀਆਂ ਕਿ ਸਰਮਾਏ ਉੱਤੇ ਸੂਦ ਉਸੇ ਹਿਸਾਬ ਨਾਲ਼ ਘੱਟਦਾ ਜਾਂਦਾ ਹੈ ਜਿਸ ਹਿਸਾਬ ਨਾਲ਼ ਸਰਮਾਇਆ ਦਾ ਆਕਾਰ ਤੇ ਗਿਣਤੀ ਵਿੱਚ ਵਾਧਾ ਹੁੰਦਾ ਜਾਂਦਾ ਹੈ, ਜਿਸ ਹਿਸਾਬ ਨਾਲ਼ ਸਰਮਾਇਆ ਵੱਧਦਾ ਜਾਂਦਾ ਹੈ; ਕਿ, ਇਸ ਲਈ, ਛੋਟੇ ਲਾਭੰਸ਼ਾਂ ਉੱਤੇ ਜੀਊਣ ਵਾਲ਼ਾ ਆਪਣੇ ਸੂਦ ਉੱਤੇ ਹੁਣ ਹੋਰ ਨਹੀਂ ਜਿਊ ਸਕਦਾ, ਸਗੋਂ ਉਸ ਲਈ ਆਪਣੇ ਆਪ ਨੂੰ ਸਨਅਤ ਵਿੱਚ ਸੁੱਟਣਾ ਤੇ, ਇਸ ਦੇ ਸਿੱਟੇ ਵਜੋਂ, ਛੋਟੇ ਸਨਅਤਕਾਰਾਂ ਦੀਆਂ ਸਫਾਂ ਨੂੰ ਵਧਾਉਣ ਵਿੱਚ ਸਹਾਇਤਾ ਕਰਨਾ ਤੇ ਇਸ ਤਰ੍ਹਾਂ ਨਾਲ਼ ਪ੍ਰੋਲੇਤਾਰੀ ਬਣਨ ਦਾ ਉਮੀਦਵਾਰ ਬਣਨਾ ਜ਼ਰੂਰੀ ਹੋ ਜਾਂਦਾ ਹੈ।

ਆਖਰੀ ਗੱਲ, ਉੱਪਰ ਦਸੀ ਗਈ ਗਤੀ ਨਾਲ਼ ਜਿਉਂ ਜਿਉਂ ਸਰਮਾਏਦਾਰ ਪਹਿਲਾਂ ਹੀ ਮੌਜੂਦ ਉਤਪਾਦਨ ਦੇ ਧੜਵੈਲ ਸਾਧਨਾਂ ਨੂੰ ਵਡੇਰੇ ਪੈਮਾਨੇ ਉੱਤੇ ਵਰਤਣ ਲਈ ਤੇ ਕਰਜ਼ੇ ਸਾਰੇ ਸੋਮਿਆਂ ਨੂੰ ਇਸ ਮੰਤਵ ਵਾਸਤੇ ਹਰਕਤ ਵਿੱਚ ਲਿਆਉਣ ਲਈ ਮਜਬੂਰ ਹੋਈ ਜਾਂਦੇ ਹਨ, ਸਨਅਤੀ ਭੁਚਾਲਾਂ ਵਿੱਚ ਉਸੇ ਹਿਸਾਬ ਨਾਲ਼ ਵਾਧਾ ਹੋਈ ਜਾਂਦਾ ਹੈ, ਜਿਨ੍ਹਾਂ ਵਿੱਚ ਵਾਪਰਕ ਦੁਨੀਆਂ ਆਪਣੇ ਧਨ ਦੇ, ਉਪਜਾਂ ਦੇ ਤੇ ਸਗੋਂ ਉਤਪਾਦਕ ਸ਼ਕਤੀਆਂ ਦੇ ਵੀ ਇੱਕ ਹਿੱਸੇ ਦੀ ਹੇਠਲੀ ਦੁਨੀਆਂ ਦੇ ਦੇਵਤਿਆਂ ਅੱਗੇ ਬਲੀ ਚੜ੍ਹਾ ਕੇ ਹੀ ਆਪਣੇ ਆਪ ਨੂੰ ਕਾਇਮ ਰੱਖ ਸਕਦੀ ਹੈ — ਮਤਲਬ ਕੀ ਕਿ **ਸੰਕਟ** ਵੱਧ ਜਾਂਦੇ ਹਨ। ਉਹ ਵਧੇਰੇ ਜਲਦੀ ਵਾਪਰਨ

ਵਾਲ਼ੇ ਤੇ ਵਧੇਰੇ ਸ਼ਿਦਤ ਵਾਲ਼ੇ ਹੋਈ ਜਾਂਦੇ ਹਨ, ਜੇ ਹੋਰ ਨਹੀਂ ਤਾਂ ਸਿਰਫ਼ ਇਸ ਕਰਕੇ ਕਿ ਜਿਉਂ ਜਿਉਂ ਉਤਪਾਦਨ ਦਾ ਆਕਾਰ, ਤੇ ਇਸ ਦੇ ਸਿੱਟੇ ਵਜੋਂ ਵਡੇਰੀਆਂ ਮੰਡੀਆਂ ਦੀ ਲੋੜ ਵਿੱਚ ਵਾਧਾ ਹੋਈ ਜਾਂਦਾ ਹੈ, ਸੰਸਾਰ ਮੰਡੀ ਦਿਨੋ ਦਿਨ ਵਧੇਰੇ ਸੁੰਗੜਦੀ ਜਾਂਦੀ ਹੈ, ਵਰਤੋਂ ਲਈ ਦਿਨੋ ਦਿਨ ਨਵੀਂਆਂ ਮੰਡੀਆਂ ਬਾਕੀ ਬਚੀਆਂ ਰਹਿ ਜਾਂਦੀਆਂ ਹਨ, ਕਿਉਂਕਿ ਇਸ ਤੋਂ ਪਹਿਲਾਂ ਦੇ ਹਰ ਸੰਕਟ ਨੇ ਐਸੀ ਕਿਸੇ ਮੰਡੀ ਨੂੰ ਸੰਸਾਰ ਵਪਾਰ ਹੇਠ ਲੈ ਆਂਦਾ ਹੁੰਦਾ ਹੈ ਜਿਹੜੀ ਇਸ ਤੋਂ ਪਹਿਲਾਂ ਅਣਜਿੱਤੀ ਜਾਂ ਸਿਰਫ਼ ਸਤਹੀ ਤੌਰ ’ਤੇ ਵਰਤੋਂ ਵਿੱਚ ਆਈ ਹੁੰਦੀ ਸੀ। ਪਰ ਸਰਮਾਇਆ ਸਿਰਫ਼ ਕਿਰਤ ਉੱਤੇ ਹੀ ਨਹੀਂ **ਜੀਊਂਦਾ**। ਐਸੇ ਹਾਕਮ ਵਜੋਂ, ਜਿਹੜਾ ਇੱਕੋ ਵੇਲੇ ਠਾਠ-ਬਾਠ ਵਾਲ਼ਾ ਤੇ ਜਾਂਗਲੀ ਵੀ ਹੈ, ਇਹ ਆਪਣੇ ਨਾਲ਼ ਕਬਰ ਵਿੱਚ ਆਪਣੇ ਗੁਲਾਮਾਂ ਦੀਆਂ ਲਾਸ਼ਾਂ ਨੂੰ ਵੀ ਧੂਹ ਲਿਜਾਂਦਾ ਹੈ, ਮਜ਼ਦੂਰਾਂ ਦੇ ਪੂਰੇ ਜਨ-ਸਮੂਹ ਨੂੰ ਜਿਹੜੇ ਸੰਕਟਾਂ ਵਿੱਚ ਤਬਾਹ ਹੋ ਜਾਂਦੇ ਹਨ। ਸੋ ਅਸੀਂ ਦੇਖਦੇ ਹਾਂ: **ਜੇ ਸਰਮਾਇਆ ਤੇਜ਼ੀ ਨਾਲ਼ ਵਧਦਾ ਹੈ, ਤਾਂ ਮਜ਼ਦੂਰਾਂ ਵਿਚਕਾਰ ਮੁਕਾਬਲਾ ਬੇਮਿਸਾਲ ਤੌਰ ’ਤੇ ਵਧੇਰੇ ਤੇਜ਼ੀ ਨਾਲ਼ ਵੱਧਦਾ ਹੈ, ਭਾਵ, ਮਜ਼ਦੂਰ ਜਮਾਤ ਦੇ ਰੁਜ਼ਗਾਰ ਦੇ ਸਾਧਨ, ਰੋਜ਼ੀ ਦੇ ਸਾਧਨ ਉਸੇ ਤਨਾਸਬ ਨਾਲ਼ ਏਨੇ ਜ਼ਿਆਦਾ ਘੱਟ ਜਾਂਦੇ ਹਨ, ਤੇ ਤਾਂ ਵੀ, ਸਰਮਾਏ ਦਾ ਤੇਜ਼ ਵਾਧਾ ਉਜਰਤੀ ਕਿਰਤ ਲਈ ਸਭ ਤੋਂ ਸੁਖਾਵੀਂ ਹਾਲਤ ਹੈ।**

ਮਾਰਕਸ ਵੱਲੋਂ 1847 ਦਸੰਬਰ ਦੇ
ਦੂਜੇ ਅੱਧ ਵਿੱਚ ਦਿੱਤੇ ਗਏ ਲੈਕਚਰਾਂ
ਦੇ ਰੂਪ ਵਿੱਚ ਲਿਖਿਆ ਗਿਆ।

ਮੂਲ ਰੂਪ 5-8 ਤੇ 11 ਅਪ੍ਰੈਲ,
1849 ਨੂੰ Neue Rheinische
Zeitung ਦੇ ਅੰਕ ਨੂੰ 264-267
ਤੇ 269 ਵਿੱਚ ਪ੍ਰਕਾਸ਼ਤ ਹੋਇਆ।

ਏਂਗਲਜ਼ ਵੱਲੋਂ ਲਿਖੀ ਭੂਮਿਕਾ ਨਾਲ਼ ਤੇ
ਉਸ ਵੱਲੋਂ ਸੰਪਾਦਤ, ਇੱਕ ਵੱਖਰੇ
ਪੈਮਫਲਟ ਵਜੋਂ ਬਰਲਿਨ ਵਿੱਚ
1891 ਵਿੱਚ ਛਪਿਆ।

# ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | |
|---|---|
| 1. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15.00 ਰੁਪਏ |
| 2. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15.00 ਰੁਪਏ |
| 3. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10.00 ਰੁਪਏ |
| 4. ਪਹਿਲਾ ਅਧਿਆਪਕ (ਨਾਵਲ) (ਚੰਗੀਜ਼ ਆਇਤਮਾਤੋਵ) | 20.00 ਰੁਪਏ |
| 5. ਸ਼ੋਲੋਖੋਵ ਦੀਆਂ ਕਹਾਣੀਆਂ | 30.00 ਰੁਪਏ |
| 6. ਸ਼ਾਂਤ ਸਰਘੀ ਵੇਲ਼ਾ | 30.00 ਰੁਪਏ |
| 7. ਪ੍ਰੇਮ, ਪ੍ਰੰਪਰਾ ਅਤੇ ਵਿਦਰੋਹ (ਕਾਤਿਆਇਨੀ) | 20.00 ਰੁਪਏ |

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ
# ਵੱਲੋਂ ਪ੍ਰਕਾਸ਼ਤ ਪੁਸਤਕਾਂ

| | |
|---|---|
| 1. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) | 05.00 ਰੁਪਏ |
| 2. ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 ਰੁਪਏ |
| 3. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 05.00 ਰੁਪਏ |
| 4. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) | 10.00 ਰੁਪਏ |
| 5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) | 10.00 ਰੁਪਏ |
| 6. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) | 20.00 ਰੁਪਏ |
| 7. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) | 05.00 ਰੁਪਏ |
| 8. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ — ਸ਼ਿਵ ਵਰਮਾ | 10.00 ਰੁਪਏ |
| 9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ | 20.00 ਰੁਪਏ |
| 10. ਭਗਤ ਸਿੰਘ ਨੇ ਕਿਹਾ | 05.00 ਰੁਪਏ |
| 11. ਸ਼ਹੀਦ ਕਰਤਾਰ ਸਿੰਘ ਸਰਾਭਾ | 05.00 ਰੁਪਏ |
| 12. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ | 10.00 ਰੁਪਏ |
| 13. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ | 05.00 ਰੁਪਏ |
| 14. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 ਰੁਪਏ |
| 15. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) | 60.00 ਰੁਪਏ |
| 16. ਲੈਨਿਨਵਾਦ ਦੀਆਂ ਨੀਹਾਂ — ਸਟਾਲਿਨ | 20.00 ਰੁਪਏ |
| 17. ਫ਼ਲਸਫਾਨਾ ਲਿਖ਼ਤਾਂ — ਮਾਓ-ਜ਼ੇ-ਤੁੰਗ | 25.00 ਰੁਪਏ |
| 18. ਖੇਤੀ ਵਿੱਚ ਪੂੰਜੀਵਾਦ (ਲੈਨਿਨ) | 15.00 ਰੁਪਏ |
| 19. ਰਾਜ (ਲੈਨਿਨ) | 10.00 ਰੁਪਏ |
| 20. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ) | 10.00 ਰੁਪਏ |
| 21. ਫਿਲਾਸਫੀ ਕੋਈ ਗੋਰਖ ਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 ਰੁਪਏ |
| 22. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੈਰਿਸ ਕਮਿਊਨ ਦੀ ਅਮਰ ਕਹਾਣੀ | 10.00 ਰੁਪਏ |

23. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00 ਰੁਪਏ
24. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00 ਰੁਪਏ
25. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਯਾਕੰਮਾ) 15.00 ਰੁਪਏ
26. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ 03.00 ਰੁਪਏ
27. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ 10.00 ਰੁਪਏ
28. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ 20.00 ਰੁਪਏ
ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ
29. ਕਿਉਂ ਮਾਓਵਾਦ 10.00 ਰੁਪਏ
30. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00 ਰੁਪਏ
31. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10.00 ਰੁਪਏ
32. ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) 35.00 ਰੁਪਏ
33. ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) 20.00 ਰੁਪਏ
34. ਸੋਵੀਅਤ ਯੂਨੀਅਨ ਸਬੰਧੀ ਪ੍ਰਚਾਰੇ ਜਾਂਦੇ ਝੂਠ (ਮਾਰੀਓ ਸੂਸਾ) 10.00 ਰੁਪਏ
35. ਚੋਰ ਭ੍ਰਿਸ਼ਟ ਅਤੇ ਅੱਯਾਸ਼ ਨੇਤਾਸ਼ਾਹੀ 03.00 ਰੁਪਏ
ਭਾਰਤੀ ਪੂੰਜੀਵਾਦੀ ਲੋਕਤੰਤਰ ਦੀ ਨੰਗੀ ਤੇ ਗੰਦੀ ਤਸਵੀਰ
36. ਨਵਉਦਾਰਵਾਦੀ ਨੀਤੀਆਂ ਦੇ ਅਠ੍ਹਾਰਾਂ ਸਾਲ (ਭਾਰਤ ਦੀ 03.00 ਰੁਪਏ
ਤਰੱਕੀ ਦੇ ਦਾਅਵਿਆਂ ਦਾ ਪਰਦਾਫਾਸ਼ : ਅਮੀਰੀ ਦੇ
ਤਹਿਖਾਨੇ ਵਿੱਚ ਨਰਕ ਦਾ ਹਨ੍ਹੇਰਾ)
37. ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ)
100.00ਰੁਪਏ
38. ਉਜਰਤ ਕੀਮਤ ਤੇ ਮੁਨਾਫਾ (ਕਾ. ਮਾਰਕਸ)
39. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼)
40. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼)
41. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼)
42. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ)
43. ਕਾਰਲ ਮਾਰਕਸ ਅਤੇ ਉਸਦੀ ਸਿੱਖਿਆ (ਲੈਨਿਨ)
44. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ)
45. ਮਜ਼ਦੂਰ ਅੰਦੋਲਨ 'ਤੇ ਨਵੀਂ ਸ਼ੁਰੂਆਤ ਕਰਨ ਬਾਰੇ

**‘ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ’** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ ’ਤੇ ਅੱਗੇ ਵੱਧ ਰਿਹਾ ਹੈ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ – 20.00 ਰੁ.